ਕੈਨੇਡਾ
# ਪੰਜਾਬ ਲਿੰਕ
WEEKLY NEWSPAPER VOL. : 09 ISSUE : 17 SATURDAY, 24 APRIL, 2021
www.punjablinkpaper.com 604-503-5465



MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan

SATNAM SAROYA
MORTGAGE SPECIALIST
HOMEKEY MORTGAGES INC.
604.760.9172
# 384-8148 128 St., Surrey
6303 Fraser St., Vancouver



Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ

ਜਸਵੀਰ ਗਰੇਵਾਲ
778.317.6262
jasvirgrewal0596@gmail.com


## ਬੀ. ਸੀ. ਬਜਟ 2021


## ਸਰਕਾਰ ਦੇ ਸੋਸ਼ਲ ਪ੍ਰੋਗਰਾਮਾਂ 'ਤੇ ਖ਼ਰਚ ਕਾਰਨ ਸੂਬੇ ਦੇ 9.7 ਅਰਬ ਡਾਲਰ ਦੇ ਘਾਟੇ ਦਾ ਅਨੁਮਾਨ



ਵਿਕਟੋਰੀਆ-ਬ੍ਰਿਟਿਸ਼ ਕੋਲੰਬੀਆ ਦੇ 2021 ਦੇ ਬਜਟ ਵਿਚ ਸਰਕਾਰ ਦੇ ਸੋਸ਼ਲ ਪ੍ਰੋਗਰਾਮਾਂ 'ਤੇ ਖਰਚ ਕਾਰਨ 9.7 ਅਰਬ ਡਾਲਰ ਦਾ ਘਾਟਾ ਰਹਿਣ ਦਾ ਅਨੁਮਾਨ ਲਗਾਇਆ ਗਿਆ ਹੈ। ਬਜਟ ਵਿਚ ਕੋਈ ਵੱਡਾ ਟੈਕਸ ਸ਼ਾਮਿਲ ਨਹੀਂ ਕੀਤਾ ਗਿਆ ਅਤੇ ਨਾ ਹੀ ਪ੍ਰੋਵਿੰਸ਼ੀਅਲ ਸਿਕ ਲੀਵ ਪ੍ਰੋਗਰਾਮ ਦੇ ਫੰਡ ਸ਼ਾਮਿਲ ਹਨ। ਮਹਾਂਮਾਰੀ ਸ਼ੁਰੂ ਹੋਣ ਪਿੱਛੋਂ

(ਬਾਕੀ ਸਫ਼ਾ 10 'ਤੇ)

## ਅਲਬਰਟਾ ਅਤੇ ਓਨਟਾਰੀਓ ਨੇ ਐਸਟਰਾਜ਼ੇਨਕਾ ਟੀਕਾ ਲਈ ਉਮਰ ਘਟਾ ਕੇ ਘੱਟੋ-ਘੱਟ 40 ਸਾਲ ਕੀਤੀ



ਟੋਰਾਂਟੋ-ਘੱਟੋ ਘੱਟ ਉਮਰ ਨੂੰ ਘਟਾਉਣ ਦੇ ਦਬਾਅ ਤੋਂ ਕੁਝ ਦਿਨ ਪਿੱਛੋਂ ਆਕਸਫੋਰਡ ਦੇ ਐਸਟਰਾਜ਼ੇਨਕਾ ਟੀਕੇ ਲਈ ਉਮਰ ਘੱਟੋ ਘੱਟ 40 ਸਾਲ ਕਰ ਦਿੱਤੀ ਹੈ। ਹੁਣ ਮੰਗਲਵਾਰ ਤੋਂ ਸ਼ੁਰੂ ਹੋਏ ਟੀਕਾਕਰਣ ਦੌਰਾਨ 40 ਸਾਲ ਤੋਂ ਅਤੇ ਇਸ ਤੋਂ ਵੱਧ ਉਮਰ ਦੇ ਲੋਕ ਕੋਰੋਨਾਵਾਇਰਸ ਦਾ ਟੀਕਾ ਲਗਵਾ ਸਕਣਗੇ। ਅਲਬਰਟਾ ਅਤੇ ਓਨਟਾਰੀਓ ਖ਼ੂਨ ਵਿਚ

(ਬਾਕੀ ਸਫ਼ਾ 10 'ਤੇ)

# ਕੈਨੇਡਾ ਸਰਕਾਰ ਵੱਲੋਂ ਭਾਰਤ ਤੇ ਪਾਕਿਸਤਾਨ ਤੋਂ ਆਉਣ ਵਾਲੀਆਂ ਉਡਾਨਾਂ 30 ਦਿਨਾਂ ਲਈ ਬੰਦ

ਟੋਰਾਂਟੋ-ਕੈਨੇਡਾ ਸਰਕਾਰ ਨੇ ਭਾਰਤ ਤੇ ਪਾਕਿਸਤਾਨ ਤੋਂ ਵੀਰਵਾਰ ਰਾਤ 11.30 ਵਜੇ ਤੋਂ ਅਗਲੇ ਚਾਰ ਹਫਤਿਆਂ ਵਾਸਤੇ ਸਾਰੀਆਂ ਉਡਾਨਾਂ ਰੱਦ ਕਰ ਦਿੱਤੀਆਂ ਹਨ।ਕਿਉਂਕਿ ਦੋਵਾਂ ਦੇਸ਼ਾਂ ਵਿਚ ਕੋਵਿਡ -19 ਵਧਣ ਦੇ ਮਾਮਲੇ ਹਨ। ਹੋਰ ਦੇਸ਼ਾਂ ਦੇ ਰਸਤੇ ਲੋਕਾਂ ਨੂੰ ਭਾਰਤ ਅਤੇ ਪਾਕਿਸਤਾਨ ਤੋਂ ਕਨੇਡਾ ਆਉਣ ਤੋਂ ਰੋਕਣ ਲਈ ਹੋਰ ਕਦਮ ਚੁੱਕੇ ਜਾਣਗੇ। ਪਿਛਲੇ ਦੋ ਹਫਤਿਆਂ ਵਿੱਚ ਘੱਟੋ ਘੱਟ 32 ਅਤੇ ਦਿੱਲੀ ਤੋਂ ਪਾਕਿਸਤਾਨ ਦੀਆਂ ਉਡਾਣਾਂ ਉਡਾਣਾਂ ਵਿੱਚ ਦਰਜਨਾਂ ਯਾਤਰੀਆਂ ਨੂੰ ਲੈ ਕੇ ਕੈਨੇਡਾ ਪਹੁੰਚੀਆਂ ਸਨ ਜਿਨ੍ਹਾਂ ਦੇ ਯਾਤਰੀਆਂ ਦੇ ਕੋਵਿਡ ਟੈਸਟ ਪਾਜੈਟਿਵ ਪਾਏ ਗਏ ਸਨ।



ਓਟਵਾ (ਬਲਜਿੰਦਰ ਸੇਖਾ)-ਕੈਨੇਡਾ ਸਰਕਾਰ ਨੇ ਕੋਵਿਡ ਕੇਸਾਂ ਵਿਚ ਲਗਾਤਾਰ ਵਾਧੇ ਦੀ ਰੋਕਥਾਮ ਲਈ ਭਾਰਤ ਅਤੇ ਪਾਕਿਸਤਾਨ ਤੋ ਆਉਣ ਵਾਲੀਆਂ ਫਲਾਈਟਾਂ ਉਪਰ 22 ਅਪ੍ਰੈਲ ਦੀ ਰਾਤ 11.30 ਵਜੇ ਤੋਂ ਬਾਦ 30 ਦਿਨਾਂ ਵਾਸਤੇ ਪਾਬੰਦੀ ਲਗਾਉਣ ਦਾ ਫੈਸਲਾ ਕੀਤਾ ਹੈ। ਜਾਣਕਾਰੀ ਮੁਤਾਬਿਕ ਇਹਨਾਂ ਦੋ ਮੁਲਕਾਂ ਤੋ ਪਿਛਲੇ ਦਿਨਾਂ ਤੋ ਆ ਰਹੀਆਂ ਫਲਾਈਟਾਂ ਵਿਚ ਸਭ ਤੋ ਵਧੇਰੇ ਕਰੋਨਾ ਪਾਜੇਟਿਵ ਮਰੀਜ ਪੁੱਜੇ ਹਨ। ਟਰਾਂਸਪੋਰਟ ਮਨਿਸਟਰ ਓਮਰ ਅਲਗਬਰਾ ਨੇ ਇਕ ਪ੍ਰੈਸ ਕਾਨਫਰੰਸ ਦੌਰਾਨ ਉਕਤ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਮੁਲਕ ਵਿਚ ਕਰੋਨਾ ਕੇਸਾਂ ਦੇ ਲਗਾਤਾਰ ਵਾਧੇ ਕਾਰਣ ਭਾਰੀ ਦਬਾਅ ਉਪਰੰਤ ਸਰਕਾਰ ਨੇ ਇਹਨਾਂ ਦੋ ਮੁਲਕਾਂ ਤੋ ਆਉਣ ਵਾਲੀਆਂ ਫਲਾਈਟਾਂ ਉਪਰ ਆਰਜੀ ਤੌਰ ਤੇ 30 ਦਿਨਾਂ ਲਈ ਪਾਬੰਦੀ ਲਗਾ ਦਿੱਤੀ ਗਈ ਹੈ।

ਉਧਰ ਹਾਊਸ ਆਫ ਕਾਮਨਜ਼ ਵਿਚ ਬਲਾਕ ਕੁਬੈਕ ਵਲੋਂ ਕੋਵਿਡ ਤੋ ਵਧੇਰੇ ਪ੍ਰਭਾਵਿਤ ਮੁਲਕਾਂ ਤੋ ਗੈਰ ਜਰੂਰੀ ਫਲਾਈਟਾਂ ਉਪਰ ਪਾਬੰਦੀ ਲਗਾਏ ਜਾਣ ਦੇ ਮਤੇ ਦੀ ਐਮ ਪੀਜ਼ ਵਲੋਂ ਸਰਬਸੰਮਤੀ ਨਾਲ ਹਮਾਇਤ ਕੀਤੀ ਹੈ। ਬੀਸੀ ਸੈਂਟਰ ਫਾਰ ਡਿਸੀਜ਼ ਕੰਟਰੋਲ ਤੋਂ ਪ੍ਰਾਪਤ ਤਾਜ਼ਾ ਅੰਕੜਿਆਂ ਮੁਤਾਬਿਕ ਕੋਵਿਡ ਦੀ ਬਿਮਾਰੀ ਤੋਂ ਪ੍ਰਭਾਵਤ ਲੋਕਾਂ ਵਾਲੀਆਂ

(ਬਾਕੀ ਸਫ਼ਾ 10 'ਤੇ)


A.S. MATTOO
& ASSOCIATES - LAW OFFICE
*Denotes professional corporation
- ਰੀਅਲ ਅਸਟੇਟ
- ਘਰਾਂ ਦੇ ਤਬਾਦਲੇ
- ਕਮਰਸ਼ੀਅਲ ਰੀਅਲ ਅਸਟੇਟ
- ਮੋਰਟਗੇਜ਼
- ਵਸੀਅਤ ਤੇ ਜਾਇਦਾਦ
- ਵਿਰਾਸਤ ਕੇਸ

ਅਸੀਂ ਆਪਣੇ ਨਵੇਂ ਦਫਤਰ ਯੋਰਕ ਬਿਜਨੈੱਸ ਸੈਂਟਰ ਵਿਚ ਮੂਵ ਹੋ ਗਏ ਹਾਂ
AMRIK S. (STEVE) MATTOO
604-572-6000
#211 - 7928 128th St., Surrey (YORK BUSINESS CENTRE)
Fax: 604-572-6001 | amrik@mattoolaw.com
TIMING: MON - FRI 9:00 AM TO 5:00 PM



ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੋਇੰਟਮੈਂਟ
ARVINDER S- KALSEY AVINEET S- KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।

Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca



ANOOP S. BAINS
BARRISTER & SOLICITOR
Suite 214 - 6678 - 152nd St., Surrey B.C.
ਆਈ ਸੀ ਬੀ ਸੀ ਅਤੇ ਪਰਸਨਲ ਇੰਜਰੀ ਕਲੇਮ
ਅਸੀਂ ਸਿਰਫ ਆਈ.ਸੀ.ਬੀ.ਸੀ ਦੇ ਕੇਸ ਹੀ ਲੜਦੇ ਹਾਂ
Anoop Bains
604-547-3178
anoop@bainslaw.ca



A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222



Punjab Insurance Agency Inc.
ਸੁਪਰ ਵੀਜ਼ਾ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਡਿਸੇਬੀਲੀਟੀ ਇੰਸ਼ੋਰੈਂਸ
- ਟਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- RRSP & RESP

RASHMI AHUJA 604-603-1313 rashmi@punjabinsurance.ca
www.punjabinsurance.ca
SANDEEP AHUJA, CHS 604-996-6862 sandeepahuja@punjabinsurance.ca



ਇੰਸ਼ੋਰੈਂਸ ਦੇ ਮਾਹਰ
A INSURANCE
- ਲਾਇਫ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
- RESP & RRSP's

ਅਮਨਦੀਪ ਦੁੱਗਲ
604-368-2030
604-375-0227
www.amaninsurance.ca



Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com



PHANTOM TIRES & REPAIRS
Wholesale Open to Public
New, Used Tires & Wheels
Grease & Oil Change
Brakes & Suspension
Tire Rotation & Tune Ups
Interior Detailing & Wash
Mobile Service Available
Special Oil Change Starts $29.99
C: 604.503.8553 | C: 778.891.2159
#109-12885 85 Ave., Surrey
Entrance on 86 Ave next to Dasmesh Darbar



ACROSS BORDER VISA INC.
THE HOUSE OF IMMIGRATION
ਅਸੀਂ ਹਰ ਤਰ੍ਹਾਂ ਦੀਆਂ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
PIER iccrc crcic ICEF AAERI
Avinash Kaur Director - RCIC 778-903-1243
Pushpinder Singh Virk Director-Overseas 604-503-6601
#206-12888 80th Ave., Surrey (York Business Center)
info@acrossbordervisa.com | www.acrossbordervisa.com



ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey



ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਓ
Lakhvir Singh Grewal: 778-881-0002


S T & A
Simpson, Thomas & Associates
TRIAL LAWYERS
CELEBRATING 50 YEARS
"The name that you know and trust"
"Simpson, Thomas & Associates are a legal dream team. No other law firm could have fought this claim as it takes a lot of resources to fight a case of this nature."
– Former client commenting on the Jago wedding tragedy
B.C.'s Pioneering Law Firm for Motor Vehicle Cases
For over 50 years Simpson, Thomas & Associates (formerly Simpson & Company) have been advocates for victims seeking justice.
"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."
– B.Sekhon
A+ Rated
BBB ACCREDITED BUSINESS
Our history of successfully settling ICBC claims has garnered respect from our clients, and within the legal and rehabilitation communities in B.C.
Brain Injury
Paraplegia
Quadriplegia
Spinal Cord Injury
Translation Services Available
STA has support staff fluent in Punjabi, Hindi and Gujarati.
Your Needs Come First
If mobility is a challenge, we can come to you.
Adam Ueland
LAWYER
Call Adam on 604-689-8888 to set up a complimentary consultation or visit our website at simpsonthomas.com
We have offices in Vancouver, Surrey/Delta, Abbotsford* and Burnaby.*
*By appointment only
Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
ਪੰਜਾਬ ਲਿੰਕ
WEEKLY NEWSPAPER VOL. : 09 ISSUE : 17 SATURDAY, 24 APRIL, 2021
www.punjablinkpaper.com 604-503-5465

Harbir Kaur Deol
Notary Public
• Statutory Declarations
• Travel Consent Letters
• Power of Attorney
• Invitation Letters
• Sales & Purchase
• Family Transfer
• Wills & Estate
• Refinancing
• Affidavits
604.503.3060
#110 - 13049 76th Ave., Surrey
BC Notaries info@deolnotary.com

# ਸੁਪਰੀਮ ਕੋਰਟ ਵਲੋਂ ਭਾਰਤ ਵਿਚ ਕੋਵਿਡ ਕੌਮੀ ਐਮਰਜੈਂਸੀ ਕਰਾਰ

## ਦਿੱਲੀ ਗੁਰਦੁਆਰਾ ਕਮੇਟੀ ਚੋਣਾਂ ਅਣਮਿੱਥੇ ਸਮੇਂ ਲਈ ਮੁਲਤਵੀ

ਨਵੀਂ ਦਿੱਲੀ (ਦਿਓਲ)-ਕਰੋਨਾਵਾਇਰਸ ਦੀ ਬੇਕਾਬੂ ਹੋਈ ਦੂਜੀ ਲਹਿਰ ਨੂੰ ਠੱਲ੍ਹਣ ਲਈ ਕੇਜਰੀਵਾਲ ਸਰਕਾਰ ਵੱਲੋਂ ਆਇਦ



ਪਾਬੰਦੀਆਂ ਕਰ ਕੇ 25 ਅਪਰੈਲ ਨੂੰ ਹੋਣ ਵਾਲੀਆਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਅਣਮਿੱਥੇ ਸਮੇਂ ਲਈ ਮੁਲਤਵੀ ਕਰ ਦਿੱਤੀਆਂ ਗਈਆਂ ਹਨ। ਦਿੱਲੀ ਦੇ ਉਪ ਰਾਜਪਾਲ ਅਨਿਲ ਬੈਜਲ ਨੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਚੋਣਾਂ ਮੁਲਤਵੀ ਕਰਨ ਬਾਬਤ ਭੇਜੇ ਮਤੇ ਉਪਰ ਮੋਹਰ ਲਾ ਦਿੱਤੀ ਹੈ। ਚੇਤੇ ਰਹੇ ਕਿ ਕੇਜਰੀਵਾਲ ਸਰਕਾਰ ਨੇ ਕਰੋਨਾ ਦੇ ਵਧਦੇ ਕੇਸਾਂ ਕਰ ਕੇ ਦਿੱਲੀ ਵਿੱਚ 26 ਅਪਰੈਲ ਤੱਕ ਲੌਕਡਾਊਨ ਲਾਇਆ ਹੋਇਆ ਹੈ। ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਚੋਣਾਂ ਮੁਲਤਵੀ ਕਰਨ ਦੇ ਮੁੱਦੇ ਨੂੰ ਲੈ ਕੇ ਦਿੱਲੀ ਦੇ ਉਪ ਰਾਜਪਾਲ ਅਨਿਲ ਬੈਜਲ ਨੂੰ ਪੱਤਰ ਲਿਖਿਆ ਸੀ। ਉਪ ਰਾਜਪਾਲ ਨੇ ਕੇਜਰੀਵਾਲ ਸਰਕਾਰ ਦੇ ਇਸ ਫੈਸਲੇ 'ਤੇ ਰਸਮੀ ਮੋਹਰ ਲਗਾ ਦਿੱਤੀ ਹੈ, ਜਿਸ ਮਗਰੋਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਹੁਣ ਅਣਮਿੱਥੇ ਸਮੇਂ ਲਈ ਮੁਲਤਵੀ ਹੋ ਗਈਆਂ ਹਨ। ਉਧਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਸਮੇਤ ਹੋਰ ਆਗੂਆਂ ਨੇ ਦਿੱਲੀ ਸਰਕਾਰ ਦੇ ਉਪਰੋਕਤ ਫ਼ੈਸਲੇ ਨੂੰ ਮੰਨਦਿਆਂ ਆਪਣੀਆਂ ਸਰਗਰਮੀਆਂ ਪਹਿਲਾਂ ਹੀ ਠੱਪ ਕਰ ਦਿੱਤੀਆਂ ਸਨ। ਦਿੱਲੀ ਕਮੇਟੀ ਨੇ ਲੌਕਡਾਊਨ ਦੌਰਾਨ ਲੰਗਰ ਦੀ ਸੇਵਾ ਤੇ ਆਕਸੀਜਨ ਗੈਸ ਦੀ ਪੂਰਤੀ ਲਈ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਹਨ। ਕਮੇਟੀ ਮੈਂਬਰ ਇਸ ਪਾਸੇ ਸਰਗਰਮ ਹੋ ਗਏ ਹਨ।



ਨਵੀਂ ਦਿੱਲੀ-ਸੁਪਰੀਮ ਕੋਰਟ ਵੱਲੋਂ ਕੋਵਿਡ-19 ਸਬੰਧੀ ਸਥਿਤੀ ਨੂੰ 'ਕੌਮੀ ਐਮਰਜੈਂਸੀ' ਕਰਾਰ ਦਿੱਤਾ ਗਿਆ। ਪਿਛਲੇ 24 ਘੰਟਿਆਂ ਦੌਰਾਨ 3.14 ਲੱਖ ਤੋਂ ਵੱਧ ਨਵੇਂ ਕੇਸਾਂ ਨਾਲ ਭਾਰਤ ਵਿਸ਼ਵ ਦਾ ਪਹਿਲਾ ਮੁਲਕ ਹੈ, ਜਿੱਥੇ ਇਕੋ ਦਿਨ 'ਚ ਇੰਨੇ ਕੇਸ ਸਾਹਮਣੇ ਆਏ ਹਨ। ਇਸੇ ਦੌਰਾਨ ਸਿਖ਼ਰਲੀ ਅਦਾਲਤ ਨੇ ਹਜ਼ਾਰਾਂ ਟਨ ਆਕਸੀਜਨ ਦੇ ਉਤਪਾਦਨ ਅਤੇ ਇਸ ਆਕਸੀਜਨ ਨੂੰ ਕੋਵਿਡ ਦੇ ਮਰੀਜ਼ਾਂ ਦੇ ਇਲਾਜ ਲਈ ਮੁਫ਼ਤ ਦੇਣ ਵਰਗੇ ਆਧਾਰਾਂ 'ਤੇ ਤਾਮਿਲਨਾਡੂ ਵਿਚ ਟੂਟੀਕੋਰਿਨ 'ਚ ਸਥਿਤ ਸਟਰਲਾਈਟ ਕੌਪਰ ਇਕਾਈ ਖੋਲ੍ਹਣ ਸਬੰਧੀ ਵੇਦਾਂਤਾ ਦੀ ਅਰਜ਼ੀ 'ਤੇ ਸੁਣਵਾਈ ਲਈ ਹਾਮੀ ਭਰ ਦਿੱਤੀ ਹੈ। ਚੀਫ਼ ਜਸਟਿਸ ਐੱਸ.ਏ. ਬੋਬੜੇ ਦੀ ਪ੍ਰਧਾਨਗੀ ਵਾਲਾ ਇਕ ਬੈਂਚ ਤਾਮਿਲਨਾਡੂ ਸਰਕਾਰ ਦੇ ਇਤਰਾਜ਼ ਤੋਂ ਪ੍ਰਭਾਵਿਤ ਨਹੀਂ ਹੋਇਆ ਜਿਸ ਨੇ ਮੁੱਢਲੇ ਤੌਰ 'ਤੇ ਵੇਦਾਂਤਾ ਦੀ ਅਰਜ਼ੀ 'ਤੇ ਸੁਣਵਾਈ ਸੋਮਵਾਰ ਨੂੰ ਕਰਨ ਦੀ ਮੰਗ ਕੀਤੀ ਅਤੇ ਸਟਰਲਾਈਟ ਕੌਪਰ ਇਕਾਈ ਖੋਲ੍ਹੇ ਜਾਣ ਦਾ ਵੱਖ-ਵੱਖ ਆਧਾਰਾਂ 'ਤੇ ਵਿਰੋਧ ਕੀਤਾ ਅਤੇ ਕਿਹਾ ਕਿ ਸਿਖ਼ਰਲੀ ਅਦਾਲਤ ਪਹਿਲਾਂ ਵੀ ਇਸ ਤਰ੍ਹਾਂ ਦੀ ਅਰਜ਼ੀ ਨੂੰ ਰੱਦ ਕਰ ਚੁੱਕੀ ਹੈ। ਇਸ ਬੈਂਚ ਵਿਚ ਜਸਟਿਸ ਐੱਲ ਨਾਗੇਸ਼ਵਰ ਰਾਓ ਅਤੇ ਐੱਸ ਰਵਿੰਦਰ ਭੱਟ ਵੀ ਸ਼ਾਮਲ ਸਨ। ਤਾਮਿਲਨਾਡੂ ਸਰਕਾਰ ਦੇ ਸੀਨੀਅਰ ਵਕੀਲ ਸੀ.ਐੱਸ. ਵੈਦਿਆਨਾਥ ਨੇ ਜਦੋਂ ਵੇਦਾਂਤਾ ਦੀ ਅਰਜ਼ੀ ਦਾ ਵਿਰੋਧ ਕੀਤਾ ਤਾਂ ਬੈਂਚ ਨੇ ਕਿਹਾ, "ਅਸੀਂ ਇਹ ਸਭ ਕੁਝ ਸਮਝਦੇ ਹਾਂ। ਅਸੀਂ ਇਹ ਯਕੀਨੀ ਬਣਾਵਾਂਗੇ ਕਿ ਪਲਾਂਟ ਵੱਲੋਂ ਵਾਤਾਵਰਨ

*(ਬਾਕੀ ਸਫ਼ਾ 10 'ਤੇ)*

## ਪੰਜਾਬ ਵਿਚ ਇਕੋ ਦਿਨ 76 ਮੌਤਾਂ

ਚੰਡੀਗੜ੍ਹ-ਪੰਜਾਬ ਵਿੱਚ ਜਾਰੀ ਕਰੋਨਾ ਦੇ ਕਹਿਰ ਦੇ ਚਲਦਿਆਂ ਪਿਛਲੇ ਇੱਕ ਦਿਨ ਦੌਰਾਨ ਇਸ ਵਾਇਰਸ ਨੇ 76 ਹੋਰ ਵਿਅਕਤੀਆਂ ਦੀ ਜਾਨ ਲੈ ਲਈ ਹੈ। ਸੂਬੇ ਵਿੱਚ ਇਸ ਸਮੇਂ ਦੌਰਾਨ 5456 ਸੱਜਰੇ ਮਾਮਲੇ ਸਾਹਮਣੇ ਆਏ ਹਨ। ਸੂਬੇ ਵਿੱਚ ਹੁਣ ਤੱਕ 8189 ਵਿਅਕਤੀਆਂ ਦੀਆਂ ਮੌਤਾਂ ਹੋ ਚੁੱਕੀਆਂ ਹਨ। ਸਿਹਤ ਵਿਭਾਗ ਦਾ ਦੱਸਣਾ ਹੈ ਕਿ ਪੰਜਾਬ ਅੰਦਰ ਲੰਘੇ ਸਾਲ ਮਾਰਚ ਮਹੀਨੇ ਤੋਂ ਸ਼ੁਰੂ ਹੋਈ ਮਹਾਮਾਰੀ ਦੀ ਮਾਰ ਦੌਰਾਨ ਸੂਬੇ ਵਿੱਚ ਹੁਣ ਤੱਕ 3.19 ਲੱਖ ਤੋਂ ਵੱਧ ਵਿਅਕਤੀ ਲਾਗ ਦਾ ਸ਼ਿਕਾਰ ਹੋ ਚੁੱਕੇ ਹਨ ਤੇ 2.70 ਲੱਖ ਤੋਂ ਵੱਧ ਠੀਕ ਵੀ ਹੋਏ ਹਨ। ਇਸੇ ਤਰ੍ਹਾਂ 40584 ਇਲਾਜ ਅਧੀਨ ਹਨ। ਲੰਘੇ ਇੱਕ ਦਿਨ ਦੌਰਾਨ ਅੰਮ੍ਰਿਤਸਰ 'ਚ 10, ਗੁਰਦਾਸਪੁਰ 'ਚ 9, ਮੁਹਾਲੀ ਤੇ ਲੁਧਿਆਣਾ 'ਚ 7-7, ਬਠਿੰਡਾ, ਜਲੰਧਰ ਤੇ ਪਟਿਆਲਾ 'ਚ 5-5, ਤਰਨ ਤਾਰਨ, ਪਠਾਨਕੋਟ ਤੇ ਹੁਸ਼ਿਆਰਪੁਰ 'ਚ 4-4, ਰੋਪੜ ਤੇ ਕਪੂਰਥਲਾ 'ਚ 3-3, ਮੁਕਤਸਰ, ਫਾਜ਼ਿਲਕਾ ਤੇ ਫ਼ਿਰੋਜ਼ਪੁਰ 'ਚ 2-2, ਬਰਨਾਲਾ, ਮੋਗਾ, ਫਤਿਹਗੜ੍ਹ ਸਾਹਿਬ ਤੇ ਸੰਗਰੂਰ 'ਚ ਇੱਕ-ਇਕ ਵਿਅਕਤੀ ਦੀ ਮੌਤ ਹੋਈ ਹੈ।

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC
EDUCATION ASSISTANT $8000 WAGES:$24-$28 PER HOUR
HEALTH CARE ASSISTANT $5250 WAGES:$17-$26.50 PER HOUR
PHARMACY ASSISTANT $5500 WAGES:$19.61-$27.30 PER HOUR
CERTIFIED DENTAL ASSISTANT $14,000 WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਨੌਰਥ ਡੈਲਟਾ 'ਚ ਛੁਰੇਬਾਜ਼ੀ ਪਿੱਛੋਂ ਦੋ ਵਿਅਕਤੀ ਗ੍ਰਿਫ਼ਤਾਰ

ਸਰੀ-ਐਤਵਾਰ ਸ਼ਾਮ ਨੌਰਥ ਡੈਲਟਾ ਵਿਚ ਤਕਰਾਰਬਾਜ਼ੀ ਅਤੇ ਛੁਰਾ ਮਾਰਨ ਦੀ ਘਟਨਾ ਪਿੱਛੋਂ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਹ ਘਟਨਾ 18 ਅਪ੍ਰੈਲ ਨੂੰ ਸ਼ਾਮ 5.15 ਵਜੇ ਸਕੌਟ ਰੋਡ ਦੇ 8100 ਬਲੌਕ ਵਿਚ ਇਕ ਪਾਰਕਿੰਗ ਵਿਚ ਵਾਪਰੀ। ਪੁਲਿਸ ਨੇ ਦੱਸਿਆ ਕਿ ਇਕ ਮੋਟਰ ਗੱਡੀ ਵਿਚ ਸਵਾਰ ਡਰਾਈਵਰ ਤੇ ਯਾਤਰੀ ਦਾ ਪਾਰਕਿੰਗ ਵਿਚ ਸੈਰ ਕਰ ਰਹੇ ਇਕ ਮਰਦ ਤੇ ਇਕ ਔਰਤ ਨਾਲ ਝਗੜਾ ਹੋ ਗਿਆ, ਇਸ ਝਗੜੇ ਦੌਰਾਨ ਡਰਾਈਵਰ 'ਤੇ ਚਾਕੂ ਨਾਲ ਹਮਲਾ ਕੀਤਾ ਗਿਆ। ਘਟਨਾ ਪਿੱਛੋਂ ਸ਼ੱਕੀ ਮੌਕੇ ਤੋਂ ਕਿਸੇ ਹੋਰ ਗੱਡੀ ਵਿਚ ਫਰਾਰ ਹੋ ਗਏ। ਡੈਲਟਾ ਪੁਲਿਸ ਨੇ ਤੁਰੰਤ ਲਾਇਸੰਸ ਪਲੇਟ ਤੇ ਮੋਟਰ ਗੱਡੀ ਦਾ ਵੇਰਵਾ ਪ੍ਰਾਪਤ ਕਰਨ ਲਿਆ ਅਤੇ ਮੈਟਰੋ ਵੈਨਕੂਵਰ ਇਲਾਕੇ ਵਿਚ ਦੂਸਰੀਆਂ ਪੁਲਿਸ ਫੋਰਸਾਂ ਅਤੇ ਇੰਟੀਗਰੇਟਿਡ ਯੂਨਿਟਾਂ ਦੀ ਮਦਦ ਨਾਲ ਤੁਰੰਤ ਇਸ ਦੀ ਭਾਲ ਸ਼ੁਰੂ ਕਰ ਦਿੱਤੀ। ਇਕ ਘੰਟੇ ਦੇ ਅੰਦਰ ਨੇ ਪੁਲਿਸ ਨੇ ਗੱਡੀ ਨੂੰ ਲੱਭ ਲਿਆ। ਪੁਲਿਸ ਨੇ ਬਿਨਾਂ ਕਿਸੇ ਵਿਰੋਧ ਦੇ ਇਕ ਮਰਦ ਤੇ ਇਕ ਔਰਤ ਨੂੰ ਹਿਰਾਸਤ ਵਿਚ ਲੈ ਲਿਆ। ਪੁਲਿਸ ਨੇ ਦੱਸਿਆ ਕਿ ਦੋਸ਼ੀ ਅਤੇ ਪੀੜਤ ਇਕ ਦੂਸਰੇ ਤੋਂ ਵਾਕਫ ਨਹੀਂ ਸਨ।


SHER TALIB NOTARY PUBLIC
ਨੌਟਰੀ ਪਬਲਿਕ

NOTARIZATIONS
- Affidavits
- Invitation Letters
- Travel Consent Letters
- Statutory Declarations
- Sales & Purchase
- Family Transfer
- Refinancing
- Business Assets Sale Purchase
- Easements, Restrictive Covenants
- Wills & Estate Planning
- Power of Attorney

ਨੌਟਰੀ ਪਬਲਿਕ
- ਰਿਅਲ ਅਸਟੇਟ ਦੀ ਖ਼ਰੀਦ ਅਤੇ ਵੇਚ
- ਇਕਰਾਰਨਾਮਾ ਅਤੇ ਹੋਰ ਨੌਟਰੀ ਸੇਵਾਵਾਂ
- ਵਸੀਅਤਨਾਮਾ
- ਪਾਵਰ ਆਫ ਅਟੌਰਨੀ
- ਮੋਰਟਗੇਜ਼ ਦੀ ਡਾਕੂਮੇਂਟੇਸ਼ਨ
- ਨੌਟਰੀਜ਼ੇਸ਼ਨ
- ਐਫੀਡੇਵਿਟ

BC Notaries
A TRUSTED TRADITION

Services offered in Punjabi, Hindi & English



Sher Talib
M.A (Eco), M.A (ALS)
P: 604-501-9120
F: 604-501-9121
7935 120th Street
Delta BC, V4C 6P6
Email: sher@shernotary.com | www.shernotary.com


# ਸਾਬਕਾ ਪ੍ਰੀਮੀਅਰ ਕ੍ਰਿਸਟੀ ਕਲਾਰਕ ਨੇ ਮਨੀਲਾਂਡਰਿੰਗ ਜਾਂਚ ਲਈ ਦਿੱਤੀ ਗਵਾਹੀ



ਵਿਕਟੋਰੀਆ-ਸਾਬਕਾ ਪ੍ਰੀਮੀਅਰ ਕ੍ਰਿਸਟੀ ਕਲਾਰਸ ਨੇ ਬੀਸੀ ਦੀ ਮਨੀਲਾਂਡਰਿੰਗ ਦੀ ਜਾਂਚ ਕਰ ਰਹੀ ਇਨਕੁਆਰੀ ਨੂੰ ਦੱਸਿਆ ਕਿ ਉਸ ਨੇ 2015 ਵਿਚ ਆਪਣੀ ਸਰਕਾਰ ਅੰਦਰ ਕੈਸੀਨੋਸ ਵਿਚ ਸ਼ੱਕੀ ਪੈਸਾ ਵਧਣ ਬਾਰੇ ਸੂਤਰਾਂ ਤੋਂ ਪਹਿਲੀ ਵਾਰ ਸੁਣਿਆਂ ਸੀ। ਕਲਾਰਕ ਨੇ ਕੁਲੇਨ ਕਮਿਸ਼ਨ ਨੂੰ ਦੱਸਿਆ ਕਿ ਸ਼ੱਕੀ ਪੈਸੇ ਦੇ ਵਾਧੇ ਦੀਆਂ ਰਿਪੋਰਟਾਂ ਪਿੱਛੋਂ ਕੈਸੀਨੋਸ 'ਤੇ ਨਿਗਰਾਨੀ ਕਰ ਰਹੇ ਸਟਾਫ ਦੀ ਸਿਖਲਾਈ ਵਧਾਈ ਪਰ ਉਹ ਚਿੰਤਤ ਸੀ ਕਿ ਸਮੱਸਿਆ ਕਾਫੀ ਵੱਧ ਗਈ ਹੈ। ਉਨ੍ਹਾਂ ਕਿਹਾ ਕਿ ਚਿੰਤਾ 2015 ਵਿਚ ਮਾਈਕ ਡੇ ਜੋਂਗ ਨੇ ਜ਼ਾਹਿਰ ਕੀਤੀ ਸੀ ਜਿਹੜੇ ਗੇਮਿੰਗ ਬਾਰੇ ਮੰਤਰੀ ਸਨ ਜਿਸ ਪਿੱਛੋਂ ਜਾਇੰਟ ਇਲੀਗਲ ਗੇਮਿੰਗ ਇਨਵੈਸਟੀਗੇਸ਼ਨ ਟੀਮ ਬਣਾਈ ਗਈ ਸੀ। ਕਲਾਰਕ ਨੇ ਦੱਸਿਆ ਕਿ ਉਨ੍ਹਾਂ ਦੀ ਸਰਕਾਰ ਨੇ 2011 ਦੀ ਰਿਪੋਰਟ ਲਾਗੂ ਕਰਨ ਲਈ ਤੇਜ਼ੀ ਨਾਲ ਕਾਰਵਾਈ ਕੀਤੀ ਸੀ ਜਿਸ ਵਿਚ ਸਰਕਾਰ ਦੀ ਮਨੀਲਾਂਡਰਿੰਗ ਵਿਰੋਧੀ ਰਣਨੀਤੀ ਵਿਚ ਤਬਦੀਲੀਆਂ ਦੀ ਸਿਫਾਰਸ਼ ਕੀਤੀ ਗਈ ਸੀ। ਕਲਾਰਕ ਨੇ ਦੱਸਿਆ ਕਿ ਸਰਕਾਰ ਬੰਦੂਕਾਂ, ਗੈਂਗਸ ਅਤੇ ਮਨੀ ਲਾਂਡਰਿੰਗ ਬਾਰੇ ਚਿੰਤਤ ਸੀ ਅਤੇ ਪ੍ਰੀਮੀਅਰ ਵਜੋਂ ਆਪਣੇ 6 ਸਾਲ ਦੇ ਕਾਰਜਕਾਲ ਵਿਚ ਮਹੱਤਵਪੂਰਣ ਕਾਰਵਾਈ ਕੀਤੀ ਹੈ।

## ਸਰੀ 'ਚ ਇਕ ਮੋਟਰ ਗੱਡੀ ਵਿਚੋਂ ਨਸ਼ਾ ਤੇ ਹਥਿਆਰ ਬਰਾਮਦ

ਵਿਕਟੋਰੀਆ-ਸਰੀ ਆਰਸੀਐਮਪੀ ਨੇ ਦੱਸਿਆ ਕਿ ਹਾਲ ਹੀ ਵਿਚ ਵੈਲੀ ਵਿਚ ਇਕ ਮੋਟਰ ਗੱਡੀ ਨੂੰ ਰੋਕਣ ਦੌਰਾਨ ਉਸ ਵਿਚੋਂ ਡਿਟੈਚਮੈਂਟ ਦੀ ਗੈਂਗ ਇਨਫੋਰਸਮੈਂਟ ਟੀਮ ਨੇ ਕਈ ਅਗਨੀ ਸ਼ਾਸਤਰ ਤੇ ਖੁਲ੍ਹੀ ਡਰੱਗਜ਼ ਨੂੰ ਜ਼ਬਤ ਕੀਤਾ ਹੈ। ਸਰੀ ਆਰਸੀਐਮਪੀ ਦੇ ਸਾਰਜੈਂਟ ਇਲੇਨੋਰ ਸਟੂਰਕੋ ਨੇ ਦੱਸਿਆ ਕਿ 17 ਅਪ੍ਰੈਲ ਨੂੰ ਰਾਤ 11.30 ਵਜੇ ਵੁੱਡਲੈਂਡ ਪਲੇਸ ਅਤੇ 99 ਐਵੀਨਿਊ ਨੇੜੇ ਇਕ ਗੱਡੀ ਨੂੰ ਰੋਕਿਆ ਗਿਆ ਜਿਸ ਦੀ ਤਲਾਸ਼ੀ ਦੌਰਾਨ 12 ਗੇਜ ਦੀ ਸ਼ਾਟਗਨ, 22 ਕੈਲੀਬਰ ਦੀ ਅਰਧਸਵੈਚਾਲਤ ਰਾਈਫਲ, ਸਟਾਰਟਰ ਪਿਸਟਲ , ਅਗਨੀ ਸ਼ਾਸਤਰਾਂ ਦਾ ਅਸਲਾ ਅਤੇ ਦੋ ਚਾਕੂਆਂ ਸਮੇਤ ਕਈ ਹਥਿਆਰ ਬਰਾਮਦ ਕੀਤੇ ਗਏ। ਅਧਿਕਾਰੀਆਂ ਨੇ ਸ਼ੱਕੀ ਫੇਂਟਾਈਲ ਅਤੇ ਮੇਥਮਫੇਟਾਮਾਈਨ ਦੇ ਕਈ ਸ਼ੱਕੀ ਬੈਗਸ ਵੀ ਜ਼ਬਤ ਕੀਤੇ।

## ਭਿਆਨਕ ਅੱਗ ਕਾਰਣ ਉਸਾਰੀ ਅਧੀਨ ਲੈਂਗਲੀ ਕੌਂਡੋ ਅਪਾਰਟਮੈਂਟ ਨੂੰ ਤਬਾਹ

ਸਰੀ-ਸੋਮਵਾਰ ਰਾਤ ਲੈਂਗਲੀ ਅਪਾਰਟਮੈਂਟ ਕੰਪਲੈਕਸ ਵਿਚ ਵੱਡੀ ਪੱਧਰ 'ਤੇ ਅੱਗ ਲੱਗਣ ਕਾਰਨ ਆਲੇ ਦੁਆਲੇ ਦੀ ਬਿਜਲੀ ਬੰਦ ਹੋ ਗਈ ਅਤੇ ਨੇੜੇ ਰਹਿੰਦੇ ਲੋਕਾਂ ਨੂੰ ਬਾਹਰ ਕੱਢਿਆ ਗਿਆ। 208ਵੀਂ ਸਟਰੀਟ ਤੇ 80ਵੇਂ ਐਵੀਨਿਊ ਵਿਚ 6 ਮੰਜ਼ਿਲਾ ਲੱਕੜ ਦੇ ਚੌਖੜੇ ਵਾਲੀ ਕੌਂਡੋ ਬਿਲਡਿੰਗ ਜਿਹੜੀ ਉਸਾਰੀ ਅਧੀਨ ਹੈ ਵਿਚ ਕੋਈ ਵੀ ਵਿਅਕਤੀ ਰਹਿ ਨਹੀਂ ਰਿਹਾ। ਲਗਪਗ 60 ਫਾਇਰਫਾਈਟਰਾਂ ਤੇ 14 ਮੋਟਰਗੱਡੀਆਂ ਨੇ ਅੱਗ 'ਤੇ ਕਾਬੂ ਪਾਇਆ। ਨਾਲ ਲਗਦੀਆਂ ਇਮਾਰਤਾਂ ਦੇ ਲੋਕਾਂ ਨੂੰ ਵੀ ਬਾਹਰ ਕੱਢਿਆ ਗਿਆ ਕਿਉਂਕਿ ਉਨ੍ਹਾਂ ਦੇ ਯੂਨਿਟਾਂ ਨੂੰ ਵੀ ਅੱਗ ਨਾਲ ਨੁਕਸਾਨ ਪੁੱਜਾ ਹੈ। ਅੱਗ ਲੱਗਣ ਦੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਬੀਸੀ ਵਲੋਂ ਟਰੈਵਲ ਪਾਬੰਦੀਆਂ ਦਾ ਐਲਾਨ-ਐਸਟਰਾਜ਼ੇਨਕਾ ਟੀਕੇ ਲਈ ਘਟਾਈ ਯੋਗ ਹੋਣ ਦੀ ਉਮਰ



ਸਰੀ-ਬੀਸੀ ਸਰਕਾਰ ਸ਼ੁੱਕਰਵਾਰ ਨੂੰ ਇਕ ਹੁਕਮ ਲਾਗੂ ਕਰੇਗੀ ਜਿਸ ਵਿਚ ਆਪਣੀ ਸਥਾਨਕ ਹੈਲਥ ਅਥਾਰਟੀ ਤੋਂ ਬਾਹਰ ਗੈਰ ਜ਼ਰੂਰੀ ਟਰੈਵਲ ਕਰਨ ਵਾਲੇ ਲੋਕਾਂ ਨੂੰ ਜ਼ੁਰਮਾਨੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਅਤੇ ਇਸ ਕੰਮ ਵਾਸਤੇ ਸੂਬੇ ਭਰ ਵਿਚ ਨਾਕੇ ਲਗਾਏ ਜਾਣਗੇ। ਬੀਸੀ ਦੇ ਪ੍ਰੀਮੀਅਰ ਜੌਹਨ ਹੌਰਗਨ ਨੇ ਸੋਮਵਾਰ ਨੂੰ ਸਖਤ ਪਾਬੰਦੀਆਂ ਦਾ ਐਲਾਨ ਕੀਤਾ ਜਿਹੜੀਆਂ ਕੋਵਿਡ-19 ਫੈਲਣ ਤੋਂ ਰੋਕਣ ਲਈ ਲੋਕਾਂ ਨੂੰ ਆਪਣੀ ਹੈਲਥ ਅਥਾਰਟੀ ਤੋਂ ਬਾਹਰ ਸਫਰ ਕਰਨ ਤੋਂ ਰੋਕਦੀਆਂ ਹਨ। ਬੀਸੀ ਦੀ ਲਿਬਰਲ ਲੀਡਰ ਸ਼ਰਲੀ ਬੌਂਡ ਨੇ ਇਸ ਕਦਮ ਦੀ ਆਲੋਚਨਾ ਕਰਦਿਆਂ ਕਿਹਾ ਕਿ ਸੋਮਵਾਰ ਸਵੇਰੇ ਸੂਬਾ ਸਿਹਤ ਅਫਸਰ ਨਾਲ ਰੈਗੂਲਰ ਮੀਟਿੰਗ ਦੌਰਾਨ ਉਸ ਨੂੰ ਇਸ ਬਾਰੇ ਜਾਣਕਾਰੀ ਨਹੀਂ ਦਿੱਤੀ ਗਈ। ਬੌਂਡ ਨੇ ਕਿਹਾ ਕਿ ਪੂਰੀ ਤਰ੍ਹਾਂ ਹੈਰਾਨੀ ਵਾਲੀ ਗੱਲ ਹੈ। ਸੂਬੇ ਦੀ ਸਿਹਤ ਅਫਸਰ ਡਾ. ਬੋਨੀ ਹੈਨਰੀ ਨੇ ਦੱਸਿਆ ਕਿ ਹੁਣ 40 ਸਾਲ ਅਤੇ ਇਸ ਤੋਂ ਜ਼ਿਆਦਾ ਉਮਰ ਦੇ ਲੋਕ ਐਸਟਰਾਜ਼ੇਨਕਾ ਟੀਕਾ ਲਗਵਾਉਣ ਲਈ ਬੁੱਕਿੰਗ ਕਰਵਾ ਸਕਦੇ ਹਨ। ਇਹ ਟੀਕਾ ਪਹਿਲਾਂ ਸਿਰਫ 55 ਤੋਂ 60 ਸਾਲ ਦੀ ਉਮਰ ਦੇ ਲੋਕਾਂ ਲਈ ਉਪਲਬਧ ਸੀ।


JJB INSURANCE
Sarban Singh Sidhu
604-507-6866
#1, 13791, 72 AVE, SURREY (NEAR FRUITICANA)
We Are Specialist In Setting Up New Prorate Co, Fleet, Cargo
Autoplan
BBB ACCREDITED BUSINESS

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |



HOUSE INSURANCE
UP TO 65% DISCOUNT AVAILABLE
*RATES SUBJECT TO CHANGE WITHOUT ANY NOTICE
THESE RATES INCLUDE:-
- REPLACEMENT COST ON DWELLING & CONTENTS
- SEWER BACKUP • CLAIM FREE DISCOUNT
- SENIOR / MORTGAGE FREE DISCOUNT
- HOME PROTECTION DISCOUNT
- NEW HOME DISCOUNT • DEDUCTIBLE DISCOUNT

Life • Critical • Disability • RRSP • RESP • Visitor • Super Visa
- ਪਹਿਲੀ ਵਾਰ ਘਰ ਖ੍ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
- ਘਰਾਂ, ਕਾਰਾਂ, ਟਰੱਕਾਂ ਦੀ ਇੰਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ

Ask for Special Rate for Super Visa Insurance
Money Back upon Visa Declined
Wawanesa Insurance
Call Us Before You Renew / Buy Any Insurance Lien & Accident Search Available



UNI GLOBAL IMMIGRATION CONSULTING SERVICES LTD.
Your Dream......Our Passion
For All Your Immigration Related Needs
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers(TFW). We help employers in each and every step of acquiring Temporary Foreign Workers

Tel: 604-338-4975
604-507-9962
rcic · cric
#12387 - 75 Ave., Surrey BC V3W 2S7
Email: contactuniglobal@gmail.com

# ਕੋਕੁਇਟਲਮ ਟਾਊਨ ਸੈਂਟਰ ਨੇੜੇ 20 ਸਾਲਾ ਵਿਅਕਤੀ ਦੀ ਗੋਲੀ ਮਾਰ ਕੇ ਹੱਤਿਆ

ਵੈਨਕੂਵਰ-ਬਰਦਰਜ ਕੀਪਰਸ ਗੈਂਗਸਟਰ ਹਰਬ ਧਾਲੀਵਾਲ ਨੂੰ ਸ਼ਰੇਆਮ ਗੋਲੀਆਂ ਨਾਲ ਭੁੰਨਣ ਤੋਂ ਸਿਰਫ ਦੋ ਦਿਨ ਬਾਅਦ ਕੋਕੁਇਟਲਮ ਟਾਉਨ ਸੈਂਟਰ ਨੇੜੇ ਪਾਰਕ ਵਿਚ 20 ਸਾਲਾ ਵਿਅਕਤੀ ਬੈਲੀ ਮੈਕਕਿਨੇ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਇੰਟੀਗਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ ਦੇ ਸਾਰਜੈਂਟ ਫਰੈਂਕ ਜੰਗ ਨੇ ਕਿਹਾ ਕਿ ਸੋਮਵਾਰ ਸ਼ਾਮ 6.30 ਵਜੇ ਮੈਕਕਿਨੇ ਦੀ ਬਾਸਕਟਬਾਲ ਕੋਰਟ ਨੇੜੇ ਹੱਤਿਆ ਕੀਤੀ ਗਈ ਹੈ। ਉਸ ਨੂੰ ਮੌਕੇ 'ਤੇ ਮ੍ਰਿਤਕ ਐਲਾਨ ਦਿੱਤਾ ਗਿਆ ਸੀ। ਜੰਗ ਨੇ ਦੱਸਿਆ ਕਿ ਇਸ ਦਾ ਕਿਸੇ ਵਿਅਕਤੀ ਜਾਂ ਵਿਅਕਤੀਆਂ ਨਾਲ ਵਿਵਾਦ ਸੀ ਜਿਸ ਨੇ ਉਸ ਕਤਲ ਲਈ ਮਿਥ ਕੇ ਨਿਸ਼ਾਨਾ ਬਣਾਇਆ ਲਗਦਾ ਹੈ। ਜਾਂਚ ਅਧਿਕਾਰੀ ਕਤਲ ਲਈ ਸੰਭਾਵਤ ਡਰੱਗ ਤੇ ਗੈਂਗ ਸਬੰਧਾਂ ਦੀ ਵੀ ਜਾਂਚ ਕਰ ਰਹੇ ਹਨ।

# ਕੈਨੇਡਾ ਵਿਚ ਕੋਵਿਡ-19 ਆਉਣ ਦਾ ਸਭ ਤੋਂ ਵੱਡਾ ਸਰੋਤ ਰਿਹਾ ਅਮਰੀਕਾ-ਅਧਿਐਨ 'ਚ ਪਾਇਆ



ਓਟਵਾ-ਵਿਗਿਆਨੀਆਂ ਦਾ ਕਹਿਣਾ ਕਿ ਕੈਨੇਡਾ ਵਿਚ ਬਿਮਾਰੀ ਫੈਲਾਉਣ ਵਾਲੇ ਅੱਧੇ ਤੋਂ ਜ਼ਿਆਦਾ ਵੈਰੀਐਂਟ ਅਮਰੀਕਾ ਤੋਂ ਆਏ ਹੋਣ ਦੀ ਸੰਭਾਵਨਾ ਹੈ। ਇਸ 'ਤੇ ਚਾਈਨਾ ਵਾਇਰਸ ਦਾ ਵਿਵਾਦਪੂਰਣ ਠੱਪਾ ਲਾ ਦਿੱਤਾ ਗਿਆ ਹੈ ਪਰ ਨਵੀਂ ਖੋਜ ਵਿਚ ਪਾਇਆ ਗਿਆ ਕਿ ਕੈਨੇਡਾ ਦੀ ਕੋਵਿਡ-19 ਮਹਾਂਮਾਰੀ ਨੂੰ ਅਮਰੀਕਾ ਵਾਇਰਸ ਦਾ ਉਪਨਾਮ ਦਿੱਤਾ ਜਾ ਸਕਦਾ ਹੈ। ਬੀਸੀ, ਓਨਟਾਰੀਓ ਅਤੇ ਐਰੀਜ਼ੋਨਾ ਦੇ ਵਿਗਿਆਨੀਆਂ ਨੇ ਸਿੱਟਾ ਕੱਢਿਆ ਕਿ ਅਮਰੀਕਾ, ਰੂਸ, ਭਾਰਤ, ਇਟਲੀ ਤੇ ਯੂਕੇ ਵਰਗੇ ਦੇਸ਼ਾਂ ਤੋਂ ਅੱਧੇ ਤੋਂ ਵੀ ਵੱਧ ਆਏ ਵੈਰੀਐਂਟਸ ਨਾਲ ਕੈਨੇਡਾ ਵਿਚ ਬਿਮਾਰੀ ਫੈਲੀ ਹੈ। ਉਨ੍ਹਾਂ ਕਿਹਾ ਕਿ ਚੀਨ ਜਿਸ ਨੂੰ ਮਹਾਂਮਾਰੀ ਦੀ ਸ਼ੁਰੂਆਤ ਦਾ ਸਥਾਨ ਸਮਝਿਆ ਜਾਂਦਾ ਹੈ ਤੋਂ ਵਾਇਰਸ ਸਿਧਾ ਆ ਰਿਹਾ ਹੈ ਪਰ ਇਥੇ ਕੋਵਿਡ-19 ਦਾ ਟਰਾਂਸਮਿਸ਼ਨ ਬਹੁਤ ਘੱਟ ਹੋ ਰਿਹਾ ਹੈ। ਕੈਨੇਡੀਅਨ ਵਿਗਿਆਨੀਆਂ ਨੇ ਕਿਹਾ ਕਿ ਮਾਰਚ 2020 ਵਿਚ ਅੰਤਰਰਾਸ਼ਟਰੀ ਪਾਬੰਦੀਆਂ ਲੱਗਣ ਕਾਰਨ ਵਾਇਰਸ ਆਉਣਾ ਘਟ ਗਿਆ ਪਰ ਬਿਮਾਰੀ ਫੈਲਾਉਣ ਵਾਲੇ ਸਾਰਾ ਸਾਲ ਪਹੁੰਚਦੇ ਰਹੇ।

# ਫੈਡਰਲ ਬਜਟ 2021 'ਚ ਕੋਵਿਡ-19 ਲਾਭ ਲਾਗੂ ਰਹਿਣਗੇ ਪਰ ਸੀ.ਆਰ.ਬੀ. 'ਚ ਜੁਲਾਈ ਤੋਂ ਹੋਵੇਗੀ ਕਟੌਤੀ

ਓਟਵਾ-ਫੈਡਰਲ ਬਜਟ ਵਿਚ ਕੋਵਿਡ-19 ਲਾਭ ਜਾਰੀ ਰਹਿਣਗੇ ਪਰ ਉਹ ਜੁਲਾਈ ਤੋਂ ਥੋੜ੍ਹੇ ਘੱਟ ਜਾਣਗੇ ਅਤੇ ਹੁਣ ਪ੍ਰਤੀ ਹਫ਼ਤਾ ਮਿਲਦੇ 500 ਡਾਲਰ ਦੀ ਥਾਂ 300 ਡਾਲਰ ਪ੍ਰਤੀ ਹਫ਼ਤਾ ਮਿਲਣਗੇ। ਕੈਨੇਡਾ ਵਿਚ ਕੋਵਿਡ-19 ਦੀ ਤੀਸਰੀ ਵੇਵ ਆਉਣ, ਰਿਕਾਰਡ ਮਾਮਲੇ ਦਰਜ ਹੋਣ, ਮਰੀਜ਼ਾਂ ਨਾਲ ਹਸਪਤਾਲ ਭਰਨ ਅਤੇ ਨਵੇਂ ਲਾਕਡਾਉਨ ਨੂੰ ਦੇਖਦੇ ਹੋਏ ਫੈਡਰਲ ਸਰਕਾਰ ਗਰਮੀਆਂ ਵਿਚ ਐਮਰਜੈਂਸੀ ਸਹਾਇਤਾ ਜਾਰੀ ਰੱਖੇਗੀ। ਸੋਮਵਾਰ ਕੈਨੇਡਾ ਵਿਚ ਕੋਵਿਡ-19 ਦੇ ਲਗਪਗ 8000 ਨਵੇਂ ਮਾਮਲੇ ਦਰਜ ਕੀਤੇ ਗਏ ਹਨ ਜਿਨ੍ਹਾਂ ਵਿਚੋਂ ਅੱਧੇ ਤੋਂ ਜ਼ਿਆਦਾ ਓਨਟਾਰੀਓ ਵਿਚ ਰਿਕਾਰਡ ਹੋਏ ਜਿਥੇ ਆਈਸੀਯੂ ਬੈੱਡਸ ਤੇਜ਼ੀ ਨਾਲ ਘਟਦੇ ਜਾ ਰਹੇ ਹਨ ਅਤੇ ਸੂਬੇ ਨੇ ਘਰ ਵਿਚ ਰਹਿਣ ਦੇ ਹੁਕਮ ਲਾਗੂ ਕੀਤੇ ਹਨ। ਸੋਮਵਾਰ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਫੈਡਰਲ ਬਜਟ ਜਾਰੀ ਕਰਦਿਆਂ ਕਿਹਾ ਕਿ ਸਰਕਾਰ ਨੂੰ ਪੇਸ਼ਕਸ਼ ਕਰਨ ਦੀ ਲੋੜ ਹੈ ਤਾਂ ਜੋ ਆਖਰਕਾਰ ਕੋਵਿਡ ਨੂੰ ਹਰਾਏ ਜਾਣ ਪਿੱਛੋਂ ਕਾਰੋਬਾਰ ਉਭਰ ਸਕਣ। ਉਨ੍ਹਾਂ ਆਪਣੇ ਬਜਟ ਭਾਸ਼ਣ ਵਿਚ ਕਿਹਾ ਕਿ ਇਸ ਦਾ ਮਤਲਬ ਕੈਨੇਡੀਅਨਾਂ ਅਤੇ ਕੈਨੇਡੀਅਨ ਕਾਰੋਬਾਰਾਂ ਨੂੰ ਉਸ ਮੁਸ਼ਕਿਲ ਸਥਿਤੀ, ਤੀਸਰੀ ਵੇਵ ਦੇ ਲਾਕਡਾਉਨ ਵਿਚੋਂ ਲੰਘਣ ਲਈ ਉਨ੍ਹਾਂ ਨੂੰ ਲੋੜੀਂਦੀ ਸਹਾਇਤਾ ਪ੍ਰਦਾਨ ਕੀਤੀ ਜਾਵੇ ਤਾਂ ਜੋ ਜਦੋਂ ਆਰਥਿਕਤਾ ਪੂਰੀ ਤਰ੍ਹਾਂ ਮੁੜ ਖੁਲ੍ਹੇ ਤਾਂ ਜੋ ਉਹ ਪੂਰੇ ਜ਼ੋਰ ਨਾਲ ਲੀਹ 'ਤੇ ਵਾਪਸ ਆਉਣ। ਸਰਕਾਰ ਕੈਨੇਡਾ ਰਿਕਵਰੀ ਬੈਨੀਫਿਟ ਜਾਰੀ ਰੱਖ ਰਹੀ ਹੈ ਪਰ ਹੁਣ ਉਨ੍ਹਾਂ ਨੂੰ ਜੁਲਾਈ ਤੋਂ 500 ਡਾਲਰ ਪ੍ਰਤੀ ਹਫ਼ਤਾ ਦੀ ਬਜਾਏ 300 ਡਾਲਰ ਪ੍ਰਤੀ ਹਫ਼ਤਾ ਦਿੱਤੇ ਜਾਣਗੇ। ਸਰਕਾਰ ਸਤੰਬਰ ਤਕ ਵੇਜ ਸਬਸਿਡੀ ਤੇ ਕਿਰਾਇਆ ਸਬਸਿਡੀ ਦੀ ਮਿਆਦ ਵਧਾਵੇਗੀ।



# 'ਪੰਜਾਬ ਟਾਈਮਜ਼' ਦੇ ਸੰਪਾਦਕ ਅਮੋਲਕ ਸਿੰਘ ਜੰਮੂ ਦਾ ਦੇਹਾਂਤ

ਸ਼ਿਕਾਗੋ-ਅਮਰੀਕਾ ਤੋਂ ਛਪਦੇ ਹਫ਼ਤਾਵਾਰੀ ਪਰਚੇ 'ਪੰਜਾਬ ਟਾਈਮਜ਼' ਦੇ ਸੰਪਾਦਕ ਅਮੋਲਕ ਸਿੰਘ ਜੰਮੂ ਦਾ ਦੇਹਾਂਤ ਹੋ ਗਿਆ ਹੈ। ਉਹ 65 ਵਰ੍ਹਿਆਂ ਦੇ ਸਨ ਅਤੇ ਪਿਛਲੇ ਕਈ ਸਾਲਾਂ ਤੋਂ ਮਸਕੁਲਰ ਡਿਸਟਰਾਫੀ ਤੋਂ ਪੀੜਤ ਸਨ। ਉਨ੍ਹਾਂ ਆਪਣੇ ਕਰੀਅਰ ਦਾ ਆਗਾਜ਼ 'ਪੰਜਾਬੀ ਟ੍ਰਿਬਿਊਨ' ਤੋਂ ਕੀਤਾ ਸੀ ਅਤੇ 1995 ਵਿੱਚ ਉਹ ਅਮਰੀਕਾ ਚਲੇ ਗਏ ਸਨ। ਉਨ੍ਹਾਂ ਦੇ ਪਰਿਵਾਰ ਵਿੱਚ ਉਨ੍ਹਾਂ ਦੀ ਪਤਨੀ ਜਸਪ੍ਰੀਤ ਕੌਰ, ਪੁੱਤਰ ਮਨਦੀਪ ਸਿੰਘ ਤੇ ਨੂੰਹ ਸੰਦੀਪ ਕੌਰ ਹਨ।'ਪੰਜਾਬ ਟਾਈਮਜ਼' ਉਨ੍ਹਾਂ ਸਾਲ 2000 ਵਿੱਚ ਸ਼ਿਕਾਗੋ ਤੋਂ ਸ਼ੁਰੂ ਕੀਤਾ ਸੀ। ਉਦੋਂ ਤੋਂ ਹੁਣ ਤਕ ਦੋ ਦਹਾਕਿਆਂ ਤੋਂ ਵੱਧ ਸਮੇਂ ਤੋਂ ਉਨ੍ਹਾਂ ਇਸ ਪਰਚੇ ਦੀ ਅਗਵਾਈ ਕੀਤੀ। ਇਸ ਪਰਚੇ ਵਿੱਚ ਪੰਜਾਬ ਅਤੇ ਸਿੱਖੀ ਬਾਰੇ ਬਹਿਸਾਂ ਦਾ ਮੁੱਢ ਬੱਝਿਆ, ਜਿਸ ਦੇ ਆਧਾਰ 'ਤੇ ਉਨ੍ਹਾਂ ਦੀ ਸੰਪਾਦਨਾ ਹੇਠ ਪੁਸਤਕ 'ਸਿੱਖ ਕੌਮ: ਹੋਣੀ ਤੇ ਹਸਤੀ' ਛਪੀ। ਆਪਣੇ ਸਿਰੜ ਅਤੇ ਮਿਹਨਤ ਸਦਕਾ ਉਹ ਬਿਮਾਰ ਹੋਣ ਦੇ ਬਾਵਜੂਦ ਅੰਤ ਤਕ ਪਰਚੇ ਦੀ ਦੇਖ-ਰੇਖ ਕਰਦੇ ਰਹੇ।

# ਬੀ.ਸੀ. ਵਿਚ ਸ਼ੁੱਕਰਵਾਰ ਤੋਂ 18 ਸਾਲ ਵਾਲੇ ਵੀ ਕੋਵਿਡ-19 ਵੈਕਸੀਨ ਲਈ ਰਜਿਸਟ੍ਰੇਸ਼ਨ ਲੈ ਸਕਣਗੇ

ਸਰੀ (ਹਰਦਮ ਮਾਨ)-ਬ੍ਰਿਟਿਸ਼ ਕੋਲੰਬੀਆ ਵਿਚ ਕੋਵਿਡ-19 ਵੈਕਸੀਨੇਸ਼ਨ ਯੋਜਨਾ ਅਧੀਨ ਉਲੀਕੇ ਗਏ ਪ੍ਰੋਗਰਾਮ ਅਨੁਸਾਰ, 18 ਤੋਂ 34 ਦੇ ਵਿਚਕਾਰ ਦੇ ਲੋਕਾਂ ਨੂੰ ਜੂਨ ਵਿੱਚ ਕਿਸੇ ਸਮੇਂ ਵੀ ਪਹਿਲਾ ਟੀਕਾ ਲੱਗ ਸਕਦਾ ਹੈ ਅਤੇ ਅਗਲੇ ਹਫ਼ਤੇ ਤੋਂ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲੋਕ ਵੀ ਕੋਵਿਡ -19 ਵੈਕਸੀਨ ਲੈਣ ਲਈ ਆਪਣੇ ਆਪ ਨੂੰ ਰਜਿਸਟਰ ਕਰ ਸਕਣਗੇ। ਅੱਜ ਬੀ. ਸੀ. ਦੇ ਸਿਹਤ ਮੰਤਰਾਲੇ ਵੱਲੋਂ ਜਾਰੀ ਇੱਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਵੈਕਸੀਨ ਲਗਵਾਉਣ ਲਈ ਰਜਿਸਟ੍ਰੇਸ਼ਨ ਪ੍ਰੋਗਰਾਮ ਅਧੀਨ ਸੋਮਵਾਰ ਨੂੰ 40 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲੋਕਾਂ ਨੂੰ ਰਜਿਸਟ੍ਰੇਸ਼ਨ ਕਰਨ ਲਈ ਕਿਹਾ ਗਿਆ ਹੈ ਅਤੇ ਮੰਗਲਵਾਰ ਨੂੰ 35 ਜਾਂ ਇਸ ਤੋਂ ਵੱਧ ਉਮਰ ਵਾਲੇ ਲੋਕ ਰਜਿਸਟਰ ਕਰ ਸਕਣਗੇ, ਬੁੱਧਵਾਰ ਨੂੰ 30 ਸਾਲ ਅਤੇ ਇਸ ਤੋਂ ਵੱਧ ਉਮਰ ਵਾਲੇ, ਵੀਰਵਾਰ 25 ਸਾਲ ਜਾਂ ਇਸ ਤੋਂ ਵੱਧ ਉਮਰ ਵਾਲੇ ਅਤੇ ਸ਼ੁੱਕਰਵਾਰ ਨੂੰ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲੋਕ ਵੈਕਸੀਨ ਹਾਸਲ ਕਰਨ ਲਈ ਰਜਿਸਟ੍ਰੇਸ਼ਨ ਕਰਵਾ ਸਕਣਗੇ। ਸਿਹਤ ਅਧਿਕਾਰੀਆਂ ਅਨੁਸਾਰ ਤਕਨੀਕੀ ਤੌਰ 'ਤੇ ਤਾਂ ਹੁਣ ਕੋਈ ਵੀ ਵੈਕਸੀਨ ਲਈ ਰਜਿਸਟਰ ਕਰ ਸਕਦਾ ਹੈ, ਪਰ ਸਿਸਟਮ ਨੂੰ ਓਵਰਲੋਡਿੰਗ ਤੋਂ ਬਚਾਉਣ ਲਈ ਲੋਕਾਂ ਨੂੰ ਨਿਰਧਾਰਤ ਸਮੇਂ ਅਨੁਸਾਰ ਉਡੀਕ ਕਰਨ ਲਈ ਕਿਹਾ ਜਾ ਰਿਹਾ ਹੈ। ਇਹ ਵੀ ਕਿਹਾ ਗਿਆ ਹੈ ਕਿ ਵੈਕਸੀਨ ਲਈ ਰਜਿਸਟ੍ਰੇਸ਼ਨ ਕਰਵਾਉਣੀ ਪਹਿਲਾ ਕਦਮ ਹੈ ਅਤੇ ਅਪੁਆਇੰਟਮੈਂਟ ਬੁੱਕ ਕਰਵਾਉਣ ਬਾਰੇ ਬਾਅਦ ਵਿਚ ਲੋਕਾਂ ਨਾਲ ਸੰਪਰਕ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਸ਼ਨੀਵਾਰ ਤੱਕ ਬੀ.ਸੀ. ਵਿਚ 12 ਲੱਖ ਲੋਕ ਵੈਕਸੀਨ ਦੀ ਪਹਿਲੀ ਡੋਜ਼ ਹਾਸਲ ਕਰ ਚੁੱਕੇ ਹਨ।




ਸ. ਮੈਹਿੰਗਾ ਸਿੰਘ ਸਰਾਫ਼ ਮੁੱਲਾਂਪੁਰ ਵਾਲੇ
S & S
Jewellers Ltd.
Authorized Dealer
20% OFF SEIKO, PULSAR
ALL Watches
(3 Yrs Limited Warranty)
Specializing in:
22 Kt & 24 Kt
- Ready Made & Custom Made
- Jewellery, Repairs - Lucky Birth Stones
- Appraisals
Diamond Ring 50% Off
Surjit S. Kanda * Avtar S. Kanda
604.582.5849
9269 - 120 St. Delta BC V4C 6R8






DAY AND NIGHT LABOUR LTD.
ਗਰੀਨ ਹਾਊਸ ਅਤੇ ਨਰਸਰੀ ਵਰਕਰਾਂ ਦੀ ਲੋੜ
- ਸਾਨੂੰ ਗਰੀਨ ਹਾਊਸ ਵਿਚ ਮੈਰੂਆਨਾ ਤੋੜਣ, ਪੈਕਿੰਗ ਕਰਨ ਲਈ ਵਰਕਰਾਂ ਦੀ ਲੋੜ ਹੈ। ਸਿਰਫ ਪੀ.ਆਰ. ਹੋਲਡਰ, ਓਪਨ ਵਰਕ ਪਰਮਿਟ ਜਾਂ ਵੈਕੇਸ਼ਨ ਵਾਲੇ ਸਟੂਡੈਂਟਸ (ਲੜਕੇ) ਹੀ ਸੰਪਰਕ ਕਰਨ।
- ਮਸ਼ਰੂਮ ਪੈਕਿੰਗ ਲਈ ਵਰਕਰਾਂ ਦੀ ਜ਼ਰੂਰਤ ਹੈ।
- ਵਧੀਆ ਤਨਖਾਹ ਦਿੱਤੀ ਜਾਵੇਗੀ।
- ਸਰੀ, ਡੈਲਟਾ ਤੋਂ ਘਰੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
ਸੰਪਰਕ- ਸੰਨੀ ਸੰਧਰ 604-727-2421




ਸਪੈਸ਼ਲ ਸੇਲ !
www.dream-carpets.com
dream
carpets
Shaw FLOORS
Ansonylon
STAINMASTER CARPET
ClearTouch
from $1.98 SF
Berber
Installed
Textured Saxony
Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From
.78 cent
Berber
Starts From
.78 cent
Area Rug (5x8)
Starts From
$68
ਘੱਟ ਕੀਮਤਾਂ ਦੀ
ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING
LIKE DREAM CARPETS
SERVING WESTERN CANADA
FOR OVER 38 YEARS
Ashok
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Perry
SURREY / DELTA
8385 - 120th Street
604-572-8788
Monday to Saturday
9:00-5:30
Sunday Closed
Butch
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00

## ਸੰਤ ਰਾਮ ਉਦਾਸੀ ਦੇ ਜਨਮ ਦਿਵਸ ’ਤੇ

# ਮੇਰੀ ਮੌਤ ’ਤੇ ਰੋਇਓ



### ਪ੍ਰਿੰ. ਸਰਵਣ ਸਿੰਘ

ਸੰਤ ਰਾਮ ਉਦਾਸੀ 20 ਅਪ੍ਰੈਲ 1939 ਨੂੰ ਜ਼ਿਲ੍ਹਾ ਬਰਨਾਲਾ ਦੇ ਪਿੰਡ ਰਾਏਸਰ, ਕੰਮੀਆਂ ਦੇ ਵਿਹੜੇ ਜੰਮਿਆ ਸੀ। ਉਹਦੇ ਪਿਤਾ ਮੇਹਰ ਸਿੰਘ ਨੇ ਸੀਰ ਕੀਤੇ, ਭੇਡਾਂ ਚਾਰੀਆਂ ਤੇ ਵਟਾਈ ’ਤੇ ਖੇਤੀ ਕੀਤੀ। ਉਹਦੀ ਮਾਤਾ ਧੰਨ ਕੌਰ ਨੇ ਚੱਕੀਆਂ ਪੀਹਣ ਤੋਂ ਲੈ ਕੇ ਜ਼ਿਮੀਦਾਰਾਂ ਦਾ ਗੋਹਾ ਕੂੜਾ ਕੀਤਾ। ਉਦਾਸੀ ਦਾ ਪੜਦਾਦਾ ਭਾਈ ਕਾਹਲਾ ਸਿੰਘ ਆਪਣੇ ਸਮੇਂ ਦਾ ਚੰਗਾ ਗਵੰਤਰੀ ਸੀ। ਉਦਾਸੀ ਨੂੰ ਸਰੋਦੀ ਆਵਾਜ਼ ਆਪਣੇ ਪੜਦਾਦੇ ਤੋਂ ਵਿਰਸੇ ਵਿਚ ਮਿਲੀ। ਪੜਦਾਦਾ ਮਹਿਫ਼ਲਾਂ ਦਾ ਸ਼ਿੰਸੀ। ਮਹਿਫ਼ਲੀਏ ਉਸ ਨੂੰ ਭਾਈਕੇ ਦਿਆਲਪੁਰੇ ਤੋਂ ਰਾਏਸਰ ਲੈ ਆਏ। ਉਦਾਸੀ ਹੋਰੀਂ ਪੰਜ ਭਰਾ ਸਨ, ਗੁਰਦਾਸ ਸਿੰਘ, ਹਰਦਾਸ ਸਿੰਘ ਭੂਰਾ, ਪ੍ਰਕਾਸ਼ ਸਿੰਘ, ਸੰਤ ਰਾਮ ਉਦਾਸੀ ਤੇ ਗੁਰਦੇਵ ਸਿੰਘ ਕੋਇਲ। ਤਿੰਨ ਭੈਣਾਂ ਸਨ, ਸੱਤਿਆ, ਹਰਬੰਸ ਕੌਰ ਤੇ ਸੁਖਦੇਵ ਕੌਰ। ਭੈਣਾਂ ਦੇ ਨਿੱਕੇ ਨਾਂ ਸਨ ਕਾਕੀ, ਘੁੱਕੋ ਤੇ ਨਿੱਕੀ। ਉਦਾਸੀ ਜਿਊਂਦਾ ਹੁੰਦਾ ਤਾਂ ਅਜੋਕੇ ਸੰਯੁਕਤ ਕਿਸਾਨ ਮੋਰਚੇ ਦੀ ਸਟੇਜ ਦਾ ਮੁੱਖ ਬੁਲਾਰਾ ਹੋਣਾ ਸੀ। ਉਸ ਨੇ ਹਜ਼ਾਰਾਂ ਦੇ ’ਕੱਠਾਂ ਵਿਚ ਉੱਚੀ ਹੇਕ ਨਾਲ ਗਾਉਣਾ ਸੀ:

**ਅਸੀਂ ਤੋੜੀਆਂ ਗ਼ੁਲਾਮੀ ਦੀਆਂ ਕੜੀਆਂ,**<br>
**ਬੜੇ ਹੀ ਅਸੀਂ ਦੁਖੜੇ ਜਰੇ**<br>
**ਆਖਣਾ ਸਮੇਂ ਦੀ ਸਰਕਾਰ ਨੂੰ,**<br>
**ਉਹ ਗਹਿਣੇ ਸਾਡਾ ਦੇਸ ਨਾ ਧਰੇ...**<br>
**ਦੇਸ਼ ਹੈ ਪਿਆਰਾ ਸਾਨੂੰ ਜ਼ਿੰਦਗੀ ਪਿਆਰੀ ਨਾਲੋਂ**<br>
**ਦੇਸ਼ ਤੋਂ ਪਿਆਰੇ ਇਹਦੇ ਲੋਕ ਹਾਣੀਆਂ**<br>
**ਅਸੀਂ ਤੋੜ ਦੇਣੀ,**<br>
**ਅਸੀਂ ਤੋੜ ਦੇਣੀ ਲਹੂ ਪੀਣੀ ਜੋਕ ਹਾਣੀਆਂ...**<br>
**ਗੱਜਣਗੇ ਸ਼ੇਰ ਜਦੋਂ, ਭੱਜਣਗੇ ਕਾਇਰ ਸੱਭੇ**<br>
**ਰੱਜਣਗੇ ਕਿਰਤੀ ਕਿਸਾਨ ਮੁੜ ਕੇ**<br>
**ਜ਼ਰਾ ਹੱਲਾ ਮਾਰੋ, ਜ਼ਰਾ ਹੱਲਾ ਮਾਰੋ, ਕਿਰਤੀ ਕਿਸਾਨ ਜੁੜ ਕੇ...**<br>
**ਸੁਣ ਲਵੋ ਕਾਗੋ, ਅਸੀਂ ਕਰ ਦੇਣਾ ਪੁੱਠੇ ਥੋਂਨੂੰ**<br>
**ਘੁੱਗੀਆਂ ਦੇ ਬੱਚਿਆਂ ਨੂੰ ਕੋਹਣ ਵਾਲਿਓ**<br>
**ਰੋਟੀ ਬੱਚਿਆਂ ਦੇ,**<br>
**ਰੋਟੀ ਬੱਚਿਆਂ ਦੇ ਹੱਥਾਂ ਵਿਚੋਂ ਖੋਹਣ ਵਾਲਿਓ...**

ਉਹ ਲੋਕ-ਕਾਵਿ ਦਾ ਮਘਦਾ ਸੂਰਜ ਸੀ ਜੋ ਸਿਖਰ ਦੁਪਹਿਰੇ ਛਿਪ ਗਿਆ। ਕਵਿਤਾਵਾਂ ਲਿਖਦਾ ਤੇ ਗਾਉਂਦਾ ਕੇਵਲ 47 ਸਾਲ ਦੀ ਉਮਰੇ ਚਲਾਣਾ ਕਰ ਗਿਆ। ਉਹਦੀ ਕਾਵਿ-ਬੁਲੰਦੀ ਦਾ ਅੰਦਾਜ਼ਾ ’ਕੰਮੀਆਂ ਦੇ ਵਿਹੜੇ’ ਵਾਲੇ ਇਸ ਗੀਤ ਤੋਂ ਲਾਇਆ ਜਾ ਸਕਦੈ:

**ਮਾਂ ਧਰਤੀਏ ! ਤੇਰੀ ਗੋਦ ਨੂੰ ਚੰਨ ਹੋਰ ਬਥੇਰੇ**<br>
**ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ**<br>
**ਜਿਥੇ ਤੰਗ ਨਾ ਸਮਝਣ ਤੰਗੀਆਂ ਨੂੰ**<br>
**ਜਿਥੇ ਮਿਲਣ ਅੰਗੂਠੇ ਸੰਘੀਆਂ ਨੂੰ**<br>
**ਜਿਥੇ ਵਾਲ ਤਰਸਦੇ ਕੰਘੀਆਂ ਨੂੰ**<br>
**ਨੱਕ ਵਗਦੇ ਅੱਖਾਂ ਚੁੰਨ੍ਹੀਆਂ ਤੇ ਦੰਦ ਕਰੇੜੇ**<br>
**ਤੂੰ ਮਘਦਾ ਰਹੀਂ ਵੇ ਸੂਰਜਾ...**

ਜਦੋਂ ਉਹ ਰੋਹ ਨਾਲ ਗਾਉਂਦਾ ਤਾਂ ਉਹਦੀ ਰੋਹੀਲੀ ਲਲਕਾਰ ਹੋਰ ਵੀ ਪ੍ਰਚੰਡ ਹੋ ਜਾਂਦੀ। ਆਪਣਾ ਖੱਬਾ ਹੱਥ ਕੰਨ ’ਤੇ ਧਰ, ਸੱਜੀ ਬਾਂਹ ਆਕਾਸ਼ ਵੱਲ ਉਗਾਸਦਾ ਤਾਂ ਉਹਦੇ ਹਾਕ ਮਾਰਵੇਂ ਬੋਲ ਦੂਰ-ਦੂਰ ਤਕ ਗੂੰਜਦੇ। ਮਲਵਈ ਪੁੱਠ ਵਾਲੀ ਲਰਜ਼ਦੀ ਲਲਕਾਰ ਨਾਲ ਚਾਰਚੁਫੇਰਾ ਲਰਜ਼ ਉੱਠਦਾ। ਉਹਦੀ ਬਾਗ਼ੀ ਸੁਰ ਹਜ਼ਾਰਾਂ ਸਰੋਤਿਆਂ ਨੂੰ ਝੰਜੋੜ ਦਿੰਦੀ। ਉਨ੍ਹਾਂ ਦੇ ਦਿਲਾਂ ਦਿਮਾਗਾਂ ’ਤੇ ਜੰਮਿਆ ਜ਼ੰਗਾਲ ਉੱਤਰ ਜਾਂਦਾ। ਉਦਾਸੀ ਦੇ ਪਿੰਡ ਰਾਏਸਰ ਤੋਂ ਮੇਰਾ ਪਿੰਡ ਚਕਰ ਥੋੜ੍ਹੀ ਹੀ ਦੂਰ ਹੈ। ਉਮਰ ਪੱਖੋਂ ਅਸੀਂ ਹਾਣੀ ਸਾਂ। ਜਦੋਂ ਉਹ ਚਕਰ ਆਉਂਦਾ ਤਾਂ ਉਹਦੇ ਗੀਤ ਸੁਣਨ ਦਾ ਮੌਕਾ ਮਿਲ ਜਾਂਦਾ। ਕਦੇ ਕਦੇ ਉਹ ਢੁੱਡੀਕੇ ਵੀ ਫੇਰੀ ਪਾਉਂਦਾ ਜਿਥੇ ਮੈਂ ਪੜ੍ਹਾਉਂਦਾ ਸਾਂ। ਉਨ੍ਹੀਂ ਦਿਨੀਂ ਕਾਲਜਾਂ ਵਿਚ ਉਦਾਸੀ-ਉਦਾਸੀ ਹੁੰਦੀ। ਉਹ ਜਮਾਤੀ ਦੁਸ਼ਮਣਾਂ ਦੇ ਸਫਾਏ ਦੀਆਂ ਗੱਲਾਂ ਕਰਦਾ ਇਨਕਲਾਬੀ ਗੀਤ ਗਾਉਂਦਾ। ਕਵੀ ਦਰਬਾਰਾਂ ਵਿਚ ਸ਼ਿਵ ਕੁਮਾਰ ਦੀ ਆਪਣੀ ਥਾਂ ਸੀ। ਉਦਾਸੀ ਨੇ ਵਿਦਿਆਰਥੀ ਰੈਲੀਆਂ ਵਿਚ ਆਪਣੀ ਥਾਂ ਬਣਾ ਲਈ। ਸ਼ਿਵ ਕੁਮਾਰ ਪਿਆਰ ਮੁਹੱਬਤ, ਬਿਰਹਾ ਵਿਜੋਗ ਤੇ ਮੌਤ ਦੇ ਨਗ਼ਮੇ ਗਾਉਂਦਾ। ਉਦਾਸੀ ਇਨਕਲਾਬ ਦੀਆਂ ਹੇਕਾਂ ਲਾਉਂਦਾ। ਦੋਵੇਂ ਆਵਾਜ਼ ਦੇ ਧਨੀ ਸਨ ਜੋ ਬਿਨਾਂ ਸਾਜ਼ਾਂ ਤੋਂ ਤਰੰਨਮ ਵਿਚ ਗਾਉਂਦੇ। ਸ਼ਿਵ ਦਰਦੀਲਾ ਸੀ, ਉਦਾਸੀ ਰੋਹੀਲਾ। ਉਦਾਸੀ ਦੇ ਤੱਤੇ ਸਰੋਤੇ ਸ਼ਿਵ ਕੁਮਾਰ ਦੀਆਂ ਪੈਰੋਡੀਆਂ ਬਣਾ ਕੇ ਉਹਦਾ ਮਜ਼ਾਕ ਉਡਾਉਂਦੇ, ਭਗੌੜਾ ਦੱਸਦੇ।

ਉਦਾਸੀ ਨਾਲ ਜੱਗੋ ਤੇਰ੍ਹਵੀਆਂ ਹੋਈਆਂ। ਲੋਕ ਹਿਤਾਂ ਨੂੰ ਪ੍ਰਣਾਈਆਂ ਨਜ਼ਮਾਂ ਲਿਖਣ ਤੇ ਗਾਉਣ ਬਦਲੇ ਸਮੇਂ ਦੇ ਹਾਕਮਾਂ ਦੀ ਵਹਿਸ਼ੀ ਪੁਲਿਸ ਨੇ 11 ਜਨਵਰੀ 1971 ਨੂੰ ਪੋਹ ਦੀ ਠਰੀ ਰਾਤੇ ਉਸ ਨੂੰ ਚੁੱਕ ਲਿਆ ਤੇ ਲੱਡਾ ਕੋਠੀ ਦੇ ਕਸਾਈਖਾਨੇ ਵਿਚ ਲਿਆ ਸੁੱਟਿਆ। ਬੁੱਢੀ ਮਾਂ ਜਿਵੇਂ ਕਿਵੇਂ ਲੱਡਾ ਕੋਠੀ ਪਹੁੰਚੀ। ਡਰ ਸੀ ਕਿ ਉਦਾਸੀ ਨੂੰ ਕਿਤੇ ਝੂਠੇ ਪੁਲਿਸ ਮੁਕਾਬਲੇ ਵਿਚ ਮਾਰ ਨਾ ਦਿੱਤਾ ਹੋਵੇ। ਹੰਝੂ ਕੇਰਦੀ ਮਾਤਾ ਨੇ ਡੀ. ਐੱਸ. ਪੀ. ਅੱਗੇ ਅਰਜ਼ ਗੁਜ਼ਾਰੀ, “ਵੇ ਵੀਰਾ ਮੈਂ ਸੰਤ ਰਾਮ ਦੀ ਮਾਂ ਹਾਂ। ਆਪਣੇ ਪੁੱਤ ਨੂੰ ਮਿਲਣ ਆਈ ਆਂ। ਮਿਲਾ ਦਿਓ, ਰੱਬ ਥੋਡਾ ਭਲਾ ਕਰੇ।”

ਉਸ ਵੇਲੇ ਉਦਾਸੀ ਮੂਧੇ ਮੂੰਹ ਬੇਸੁਰਤ ਪਿਆ ਸੀ। ਉਸ ਨੂੰ ਏਨਾ ਕੁੱਟਿਆ ਮਾਰਿਆ ਗਿਆ ਸੀ ਕਿ ਉੱਠ ਨਹੀਂ ਸੀ ਸਕਦਾ। ਰੱਸਿਆਂ ਨਾਲ ਪੁੱਠਾ ਟੰਗ ਕੇ ਸਿਰ ਡੰਡਿਆਂ ਨਾਲ ਭੰਨਿਆਂ ਗਿਆ ਸੀ। ਸਿਰ ਹੇਠਾਂ ਵੱਡੀ ਮੋਮਬੱਤੀ ਬਾਲ ਕੇ ਸੇਕ ਦਿੱਤਾ ਗਿਆ ਸੀ ਤਾਂ ਕਿ ਦਿਮਾਗ ਦੀ ਮਿੱਝ ਢਾਲ ਕੇ ਉਦਾਸੀ ਨੂੰ ਕਮਲਾ ਕਰ ਦਿੱਤਾ ਜਾਵੇ। ਮੁੜ ਕੇ ਨਾ ਉਹ ਲਿਖ ਸਕੇ ਤੇ ਨਾ ਗਾ ਸਕੇ। ਹੱਥਾਂ ਦੇ ਪੋਟਿਆਂ ਨੂੰ ਸੂਈਆਂ ਮਾਰ ਕੇ ਛਾਣਨੀ ਕੀਤਾ ਹੋਇਆ ਸੀ। ਸਿਰ ਦੇ ਵਾਲ ਪੁੱਟ ਕੇ ਖੋਪੜੀ ਰੋਡੀ ਕੀਤੀ ਪਈ ਸੀ। ਉੱਤੋਂ ਪੋਹ ਦੀ ਕੱਕਰਮਾਰੀ ਠਾਰੀ। ਉਦਾਸੀ ਦੇ ਪੈਰਾਂ ਦੀਆਂ ਤਲੀਆਂ ਵਿਚ ਖ਼ੂਨ ਜੰਮਿਆ ਹੋਇਆ ਸੀ। ਸਰੀਰ ਦੇ ਸਾਰੇ ਜੋੜ ਡੰਡੇ ਮਾਰ-ਮਾਰ ਸੁਜਾਏ ਪਏ ਸਨ।

ਡੀ. ਐੱਸ. ਪੀ. ਨੇ ਮਾਈ ਨੂੰ ਪੁੱਛਿਆ, “ਜੇ ਉਦਾਸੀ ਨੂੰ ਦੂਰੋਂ ਦਿਖਾ ਦੇਈਏ ਤਾਂ ਕੋਈ ਇਤਰਾਜ਼ ਤਾਂ ਨਹੀਂ ?”

ਮਮਤਾ ਦੀ ਮਾਰੀ ਮਾਂ ਨੇ ਕਿਹਾ, “ਵੇ ਵੀਰਾ, ਮੈਂ ਗਰੀਬਣੀ ਨੇ ਕਾਹਦਾ ਇਤਰਾਜ਼ ਕਰਨੈਂ ? ਥੋਡੇ ਰਹਿਮ ਨਾਲ ਮੇਰਾ ਪੁੱਤ ਮੈਨੂੰ ਦਿਸ ਜੇ। ਮੈਂ ਸਮਝ ਲੂੰ ਮੇਰਾ ਪੁੱਤ ਜਿਊਂਦੈ। ਪੁਲਿਸ ਨੇ ਮਾਰਿਆ ਨੀ। ਮੈਂ ਤਾਂ ਉਹਨੂੰ ਦੇਖਣਾ ਈ ਚਾਹੁੰਨੀ ਆਂ। ਜੇ ਮੇਰੇ ਨੇੜੇ ਨੀ ਲੈ ਕੇ ਆਉਣਾ ਬੇਸ਼ਕ ਨਾ ਲਿਆਓ। ਮੈਨੂੰ ਦੂਰੋਂ ਈ ਖੜ੍ਹਾ ਦਿਖਾ ਦਿਓ। ਸੰਤ ਰਾਮ ਦੂਰੋਂ ਖੜ੍ਹਾ ਈ ਆਖ ਦੇਵੇ, ਬੇਬੇ ਮੈਂ ਜਿਓਂਨਾਂ। ਤੂੰ ਜਾਹ ਘਰ ਨੂੰ।” ਹਵਾਲਦਾਰ ਬੈਰਕ ਵਿਚ ਜਾ ਕੇ ਉਦਾਸੀ ਨੂੰ ਹਲੂਣਨ ਲੱਗਾ, “ਓਏ ਉਦਾਸੀ, ਓਏ ਉਦਾਸੀ। ਉੱਠ ਓਏ, ਤੇਰੀ ਮਾਂ ਤੈਨੂੰ ਮਿਲਣ ਆਈ ਐ। ਬਾਹਰ ਖੜ੍ਹੀ ਐ ਤੇਰੀ ਮਾਂ। ਉੱਠ ਨਹੀਂ ਤਾਂ ਮਰਜੂ ਓਹ ਵੀ।” ‘ਮਾਂ’ ਸ਼ਬਦ ਨੇ ਉਦਾਸੀ ਦੀ ਸੁਰਤ ਮੋੜੀ। ਕਿਤੇ ਉਹ ਸੱਚੀਂ ਨਾ ਸਾਹ ਖਿੱਚਜੇ। ਉਹ ਔਖਾ ਸੌਖਾ ਮਾਂ ਤਕ ਪੁੱਜਾ ਤੇ ਦੂਰ ਸੀ ਸੋਚ ਕੇ ਬੋਲਿਆ, “ਮਾਂ, ਮੈਂ ਠੀਕ ਠਾਕ ਆਂ। ਤੂੰ ਕਿਤੇ ਮਮਤਾ ਦੇ ਪਿਆਰ ’ਚ ਸਾਹ ਨਾ ਚੜ੍ਹਾ ਲਈਂ। ਏਥੇ ਫੇਰ ਕੌਣ ਸਾਂਭੂਗਾ ਤੈਨੂੰ ?” ਮਾਂ ਨੇ ਪੀੜਾਂ ਪਰੁੰਨੇ ਘਾਇਲ ਪੁੱਤਰ ਨੂੰ ਬੁਕਲ ’ਚ ਲੈ ਕੇ ਪਿਆਰ ਦਿੱਤਾ ਤੇ ਕਿਹਾ, “ਪੁੱਤ ਤੇਰਾ ਰੱਬ ਰਾਖਾ। ਪੁੱਤ ਹੁਣ ਮੇਰਾ ਸਾਹ ਨੀ ਚੜ੍ਹਦਾ। ਤੂੰ ਮੇਰਾ ਫਿਕਰ ਨਾ ਕਰੀਂ।” ਬੱਸ ਏਨੀ ਹੀ ਹੋ ਸਕੀ ਸੀ ਮੁਲਾਕਾਤ। ਨਕਸਲਬਾੜੀ ਲਹਿਰ ਨਾਲ ਪਰਨਾਇਆ ਹੋਣ ਕਰਕੇ ਉਹ ਗੁਰਦਵਾਰਿਆਂ ਦੀਆਂ ਸਟੇਜਾਂ ਉਤੇ ਵੀ ਇਨਕਲਾਬੀ ਸਿੱਖ ਵਿਰਸੇ ਦੀਆਂ ਬਾਤਾਂ ਹੀ ਪਾਉਂਦਾ। ਸਰਕਾਰੀ ਕਵੀ ਦਰਬਾਰਾਂ ’ਚ ਵੀ ਸਥਾਪਤੀ ਵਿਰੋਧੀ ਕਵਿਤਾਵਾਂ ਪੜ੍ਹਦਾ। ਅਫ਼ਸਰਾਂ ਦੀ ਉਹਨੇ ਕਦੇ ਖ਼ੁਸ਼ਾਮਦ ਨਹੀਂ ਕੀਤੀ ਤੇ ਨਾ ਹੀ ਸਰਕਾਰਾਂ ਦੇ ਸੋਹਲੇ ਗਾਏ। ਉਹ ਸਥਾਪਤੀ ਦੇ ਮੰਚ ਉਤੇ ਸਥਾਪਤੀ ਵਿਰੁੱਧ ਬੋਲਦਾ। ‘ਦਿੱਲੀਏ ਦਿਆਲਾ ਦੇਖ’ ਕਵਿਤਾ ਉਸ ਨੇ ਲਾਲ ਕਿਲੇ ਦੇ ਸਰਕਾਰੀ ਕਵੀ ਦਰਬਾਰ ਵਿਚ ਪੜ੍ਹੀ ਸੀ।

### ਉਦਾਸੀ ਦੀ ਅਣਿਆਈ ਮੌਤ

ਡਰੋਲੀ ਭਾਈ ਦਾ ਗੁਰਚਰਨ ਸਿੰਘ ਸੰਘਾ ਢੁੱਡੀਕੇ ਪੜ੍ਹਦਿਆਂ ਉਦਾਸੀ ਦਾ ਦੋਸਤ ਬਣ ਗਿਆ ਸੀ। ਸਮਾਂ ਪਾ ਕੇ ਉਹ ਸ੍ਰੀ ਹਜ਼ੂਰ ਸਾਹਿਬ ਤੋਂ ਨਿਕਲਦੇ ‘ਸੱਚਖੰਡ ਪੱਤਰ’ ਦਾ ਸੰਪਾਦਕ ਬਣਿਆ। ਉਹ ਉਦਾਸੀ ਦੇ ਅੰਤਲੇ ਸਮੇਂ ਦਾ ਚਸ਼ਮਦੀਦ ਗਵਾਹ ਹੈ। ਉਸ ਦਾ ਲਿਖਤੀ ਬਿਆਨ ਹੈ: ਗੱਲ 1972-73 ਦੀ ਹੈ ਜਦ ਸੰਤ ਰਾਮ ਉਦਾਸੀ ਲੋਕਾਂ ਦੇ ਦਿਲ ਦੀ ਆਵਾਜ਼ ਬਣ ਗਿਆ ਸੀ। ਉਸ ਨੇ ਨਾਹਰਾ ਦਿੱਤਾ ਸੀ ‘ਗੁਰੂ ਗੋਬਿੰਦ ਸਿੰਘ ਦਾ ਰਾਹ, ਸਾਡਾ ਰਾਹ’। ਮੈਂ ਉਸ ਸਮੇਂ ਢੁੱਡੀਕੇ ਦੇ ਲਾਲਾ ਲਾਜਪਤ ਰਾਏ ਕਾਲਜ ਦਾ ਵਿਦਿਆਰਥੀ ਸਾਂ। ਉਥੇ ਮੈਂ ਵੀ ਉਹਦੇ ਰਾਹ ਪੈ ਗਿਆ। ਮੇਰੀਆਂ ਕਵਿਤਾਵਾਂ ਪੰਜਾਬ ਸਟੂਡੈਂਟਸ ਯੂਨੀਅਨ ਦੇ ਪੋਸਟਰਾਂ ਦੇ ਹੈਡਿੰਗ ਬਣਨ ਲੱਗੀਆਂ...। 24 ਨਵੰਬਰ 2019 ਨੂੰ ਸਾਡਾ ਉਹੀ ਪੁਰਾਣਾ ਵਿਦਿਆਰਥੀ ਸੰਘਾ ਮੈਨੂੰ ਮੋਗੇ ਮਿਲਿਆ। ਉਸ ਨੇ ਆਖ਼ਰੀ ਗੱਲ ਦੱਸੀ: ਅਕਤੂਬਰ 1986 ’ਚ ਉਦਾਸੀ ਮੈਨੂੰ ਬਾਘੇ ਪੁਰਾਣੇ ਸਾਹਿਤ ਸਭਾ ਦੀ ਮੀਟਿੰਗ ਵਿਚ ਮਿਲਿਆ ਸੀ। ਉਥੇ ਤੈਅ ਹੋਇਆ ਕਿ ਗੁਰਤਾ ਗੱਦੀ ਦਿਹਾੜੇ ਨੰਦੇੜ ਦੇ ਕਵੀ ਦਰਬਾਰ ਵਿਚ ਉਹ ਵੀ ਸ਼ਾਮਲ ਹੋਵੇਗਾ। 1 ਨਵੰਬਰ 1986 ਤੋਂ ਪ੍ਰੋਗਰਾਮ ਸ਼ੁਰੂ ਹੋਏ। ਅਖ਼ੀਰਲੀ ਰਾਤ 5 ਨਵੰਬਰ ਨੂੰ ਉੱਚ ਪਾਏ ਦਾ ਕਵੀ ਦਰਬਾਰ ਹੋਇਆ ਜਿਸ ਵਿਚ ਉਦਾਸੀ ਨੇ ਬਹੁਤ ਉੱਚੀ ਕਿੱਲ੍ਹ-ਕਿੱਲ੍ਹ ਕੇ ਗਾਇਆ ਤੇ ਬਾਜ਼ੀ ਲੈ ਗਿਆ। ਕਵੀ ਦਰਬਾਰ ਤੋਂ ਬਾਅਦ ਮੈਂ ਤੇ ਉਦਾਸੀ ਰਾਤ ਦੇ 2:45 ਵਜੇ ਤੱਕ ’ਕੱਠੇ ਬੈਠੇ। ਉਦਾਸੀ ਮੇਰੇ ਗਲ ਲੱਗ ਕੇ ਰੋਣ ਲੱਗਾ...ਸੰਘੇ ਬਾਈ, ਮੈਂ ਜ਼ਿੰਦਗੀ ਤੋਂ ਤੰਗ ਆ ਗਿਆਂ।

(ਬਾਕੀ ਸਫ਼ਾ 8 ’ਤੇ)







# ਬੇਅਦਬੀ ਮਾਮਲੇ 'ਚ ਐਡਵੋਕੇਟ ਜਨਰਲ ਅਤੁਲ ਨੰਦਾ ਨੂੰ ਬਚਾ ਰਹੇ ਨੇ ਮੁੱਖ ਮੰਤਰੀ-ਚੀਮਾ



ਚੰਡੀਗੜ੍ਹ-ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਆਗੂ ਤੇ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਐਡਵੋਕੇਟ ਜਨਰਲ ਅਤੁਲ ਨੰਦਾ ਨੂੰ ਬਚਾਉਣ ਲਈ ਇਮਾਨਦਾਰ ਪੁਲੀਸ ਅਧਿਕਾਰੀ ਕੁੰਵਰ ਵਿਜੈ ਪ੍ਰਤਾਪ ਸਿੰਘ ਦਾ ਅਸਤੀਫ਼ਾ ਮਨਜ਼ੂਰ ਕੀਤਾ ਹੈ। ਉਨ੍ਹਾਂ ਕਿਹਾ ਕਿ ਕੈਪਟਨ ਸਰਕਾਰ ਵਿੱਚ ਇਮਾਨਦਾਰ ਅਧਿਕਾਰੀਆਂ ਲਈ ਕੋਈ ਥਾਂ ਨਹੀਂ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਕੈਪਟਨ ਤੇ ਬਾਦਲਾਂ ਨੇ ਮਿਲ ਕੇ ਬੇਅਦਬੀ ਦੀ ਜਾਂਚ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ। ਜਾਂਚ ਕਰਨ ਵਾਲੇ ਅਧਿਕਾਰੀ ਨੂੰ ਕਥਿਤ ਤੌਰ 'ਤੇ ਡਰਾਇਆ-ਧਮਕਾਇਆ ਗਿਆ ਤਾਂ ਜੋ ਉਹ ਜਾਂਚ ਟੀਮ ਤੋਂ ਅਲੱਗ ਹੋ ਜਾਵੇ ਪਰ ਜਦੋਂ ਪੁਲੀਸ ਅਧਿਕਾਰੀ ਨੇ ਜਾਂਚ ਜਾਰੀ ਰੱਖੀ ਤਾਂ ਮੁੱਖ ਮੰਤਰੀ ਨੇ ਆਪਣੇ ਐਡਵੋਕੇਟ ਜਨਰਲ ਰਾਹੀਂ ਅਦਾਲਤ 'ਚ ਕੇਸ ਨੂੰ ਕਮਜ਼ੋਰ ਕਰਵਾ ਦਿੱਤਾ। ਇਸੇ ਕਰਕੇ ਜਾਂਚ ਕਮੇਟੀ ਦੀ ਰਿਪੋਰਟ ਖਾਰਜ ਹੋਈ ਹੈ।

# ਮੰਡੀਆਂ ਵਿਚ ਕਣਕ ਦੇ ਖ਼ਰਾਬੇ ਲਈ ਕੈਪਟਨ ਸਰਕਾਰ ਜ਼ਿੰਮੇਵਾਰ-ਸੁਖਬੀਰ



ਬਠਿੰਡਾ-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਗੋਨਿਆਣਾ ਮੰਡੀ, ਗੋਨਿਆਣਾ ਕਲਾਂ, ਭਗਤਾ ਭਾਈ, ਮਲੂਕਾ, ਕੋਠਾ ਗੁਰੂ ਦੀਆਂ ਅਨਾਜ ਮੰਡੀਆਂ ਦਾ ਦੌਰਾ ਕੀਤਾ ਅਤੇ ਕਿਸਾਨਾਂ ਦੀਆਂ ਸਮੱਸਿਆਵਾਂ ਸੁਣੀਆਂ। ਮੰਡੀਆਂ ਵਿੱਚ ਢਿੱਲੇ ਖ਼ਰੀਦ ਪ੍ਰਬੰਧਾਂ ਬਾਰੇ ਸੁਖਬੀਰ ਬਾਦਲ ਨੇ ਕਿਹਾ ਕਿ ਕਿਸਾਨ ਹਿਤੈਸ਼ੀ ਅਖਵਾਉਣ ਵਾਲੀ ਪੰਜਾਬ ਸਰਕਾਰ ਕਣਕ ਲਈ ਲੋੜੀਂਦੇ ਖਰੀਦ ਪ੍ਰਬੰਧ ਕਰਨ ਵਿੱਚ ਫੇਲ੍ਹ ਹੋਈ ਹੈ। ਉਨ੍ਹਾਂ ਕਿਹਾ ਕਿ ਮੰਡੀਆਂ ਵਿੱਚ ਬੋਰੀਆਂ ਦੇ ਢੇਰ ਲੱਗੇ ਹੋਏ ਹਨ ਤੇ ਕਿਸਾਨ ਅਤੇ ਆੜ੍ਹਤੀ ਪ੍ਰੇਸ਼ਾਨ ਹਨ। ਮੰਡੀਆਂ ਵਿੱਚ ਬੈਠੇ ਕਿਸਾਨਾਂ ਨੇ ਦੱਸਿਆ ਕਿ ਉਹ ਕਰੀਬ ਦਸ ਦਿਨਾਂ ਤੋਂ ਬੋਲੀ ਦੀ ਉਡੀਕ ਕਰ ਰਹੇ ਹਨ ਪਰ ਬਾਰਦਾਨੇ ਦੀ ਕਮੀ ਕਾਰਨ ਅਨਾਜ ਮੰਡੀਆਂ ਵਿੱਚ ਕਣਕ ਦੇ ਅੰਬਾਰ ਲੱਗੇ ਹੋਏ ਹਨ। ਸ੍ਰੀ ਬਾਦਲ ਨੇ ਕਿਹਾ ਕਿ ਮੁੱਖ ਮੰਤਰੀ ਅਤੇ ਉਨ੍ਹਾਂ ਦੇ ਸਾਥੀ ਮੰਤਰੀਆਂ ਨੂੰ ਘਰਾਂ ਤੋਂ ਬਾਹਰ ਨਿਕਲ ਕੇ ਮੰਡੀਆਂ ਦੇ ਦੌਰੇ ਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਮੰਡੀਆਂ ਵਿੱਚ ਮੀਂਹ ਕਾਰਨ ਕਣਕ ਖਰਾਬ ਹੋਣ ਲਈ ਕੈਪਟਨ ਸਰਕਾਰ ਜ਼ਿੰਮੇਵਾਰ ਹੈ। ਉਨ੍ਹਾਂ ਡਿਪਟੀ ਕਮਿਸ਼ਨਰ ਬਠਿੰਡਾ ਤੇ ਮੰਡੀ ਬੋਰਡ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਕਿਸਾਨਾਂ ਦੀ ਜਿਣਸ ਸ਼ਾਮ ਤਕ ਚੁੱਕੀ ਜਾਵੇ ਨਹੀਂ ਤਾਂ ਅਕਾਲੀ ਦਲ ਸੰਘਰਸ਼ ਤੇਜ਼ ਕਰੇਗਾ।

# ਕਾਮਰੇਡ ਯੇਚੁਰੀ ਦੇ ਪੱਤਰਕਾਰ ਪੁੱਤਰ ਅਸ਼ੀਸ਼ ਦੀ ਕਰੋਨਾ ਕਾਰਣ ਮੌਤ

ਨਵੀਂ ਦਿੱਲੀ-ਸੀਪੀਐੱਮ ਦੇ ਜਨਰਲ ਸਕੱਤਰ ਸੀਤਾਰਾਮ ਯੇਚੁਰੀ ਦੇ ਵੱਡੇ ਪੁੱਤਰ ਪੱਤਰਕਾਰ ਆਸ਼ੀਸ਼ ਦੀ ਗੁੜਗਾਉਂ ਦੇ ਮੇਦਾਂਤਾ ਹਸਪਤਾਲ 'ਚ ਕਰੋਨਾਵਾਇਰਸ ਕਾਰਨ ਮੌਤ ਹੋ ਗਈ। ਪੱਤਰਕਾਰ ਆਸ਼ੀਸ਼ ਨੇ 9 ਜੂਨ ਨੂੰ 35 ਵਰ੍ਹਿਆਂ ਦਾ ਹੋਣਾ ਸੀ। ਪਰਿਵਾਰ ਨੇੜਲੇ ਵਿਅਕਤੀਆਂ ਨੇ ਕਿਹਾ ਕਿ ਉਸ ਦੀ ਸਿਹਤ 'ਚ ਸੁਧਾਰ ਹੋ ਰਿਹਾ ਸੀ ਪਰ ਅਚਾਨਕ ਸਵੇਰੇ ਸਾਢੇ 5 ਵਜੇ ਮੌਤ ਦੀ ਖ਼ਬਰ ਸੁਣ ਕੇ ਉਨ੍ਹਾਂ ਨੂੰ ਸਦਮਾ ਲੱਗਾ। ਉਹ ਕਰੀਬ ਦੋ ਹਫ਼ਤਿਆਂ ਤੋਂ ਕਰੋਨਾ ਨਾਲ ਜੂਝ ਰਿਹਾ ਸੀ। ਸ੍ਰੀ ਯੇਚੁਰੀ ਨੇ ਟਵਿੱਟਰ 'ਤੇ ਅਫ਼ਸੋਸਨਾਕ ਖ਼ਬਰ ਸਾਂਝੀ ਕਰਦਿਆਂ ਡਾਕਟਰਾਂ, ਨਰਸਾਂ, ਮਹਰਲੀ ਕਤਾਰ ਦੇ ਸਿਹਤ ਕਾਮਿਆਂ, ਸੈਨੀਟੇਸ਼ਨ ਵਰਕਰਾਂ ਅਤੇ ਹੋਰਾਂ ਦਾ ਉਨ੍ਹਾਂ ਨਾਲ ਖੜ੍ਹੇ ਰਹਿਣ ਲਈ ਧੰਨਵਾਦ ਕੀਤਾ ਹੈ। ਏਸ਼ੀਅਨ ਕਾਲਜ ਆਫ਼ ਜਰਨਲਿਜ਼ਮ, ਚੇਨੱਈ ਤੋਂ ਪੜ੍ਹਾਈ ਕਰਨ ਵਾਲੇ ਆਸ਼ੀਸ਼ ਨੇ ਦਿੱਲੀ 'ਚ ਟਾਈਮਜ਼ ਆਫ਼ ਇੰਡੀਆ ਸਮੇਤ ਕਈ ਹੋਰ ਪ੍ਰਕਾਸ਼ਨਾਂ 'ਚ ਕੰਮ ਕੀਤਾ ਅਤੇ ਇਸ ਸਮੇਂ ਉਹ ਪੁਣੇ 'ਚ ਕੰਮ ਕਰ ਰਿਹਾ ਸੀ। ਉਸ ਨੇ ਨਿਊਜ਼ਲੌਂਡਰੀ, ਆਈਬੀਐੱਨਲਾਈਵ ਅਤੇ ਪੁਣੇ ਮਿਰਰ 'ਚ ਵੀ ਕੰਮ ਕੀਤਾ ਸੀ। ਸੀਪੀਐੱਮ ਪੋਲਿਟ ਬਿਊਰੋ ਨੇ ਬਿਆਨ 'ਚ ਸੀਤਾਰਾਮ ਯੇਚੁਰੀ ਅਤੇ ਇੰਦਰਾਣੀ ਮਜ਼ੂਮਦਾਰ ਦੇ ਪੁੱਤਰ ਆਸ਼ੀਸ਼ ਯੇਚੁਰੀ ਦੇ ਦੇਹਾਂਤ 'ਤੇ ਅਫ਼ਸੋਸ ਪ੍ਰਗਟ ਕੀਤਾ ਹੈ।

# ਕੈਪਟਨ ਸਰਕਾਰ ਵੱਲੋਂ ਨਸ਼ਾ ਸੌਦਾਗਰ ਫੜਾਉਣ ਵਾਲੇ ਮੁਖ਼ਬਰਾਂ ਨੂੰ ਮਿਲੇਗਾ ਇਨਾਮ

ਚੰਡੀਗੜ੍ਹ-ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਨਸ਼ਾ ਸੌਦਾਗਰਾਂ ਦੀ ਪੈੜ ਨੱਪਣ ਲਈ ਮੁਖ਼ਬਰਾਂ ਲਈ ਇਨਾਮ ਨੀਤੀ ਨੂੰ ਪ੍ਰਵਾਨਗੀ ਦੇ ਦਿੱਤੀ ਹੈ ਤਾਂ ਜੋ ਆਮ ਲੋਕਾਂ ਨੂੰ ਪੁਲੀਸ ਦੀ ਮਦਦ ਲਈ ਪ੍ਰੇਰਿਆ ਜਾ ਸਕੇ। ਨਵੀਂ ਇਨਾਮ ਨੀਤੀ ਨਸ਼ਾ ਤਸਕਰੀ ਨੂੰ ਠੱਲ੍ਹਣ ਅਤੇ ਨਸ਼ਿਆਂ ਦੀ ਬਰਾਮਦਗੀ 'ਚ ਸਹਾਈ ਹੋਵੇਗੀ। ਇਨਾਮ ਦਾ ਫੈਸਲਾ ਸਫਲ ਤਫ਼ਤੀਸ਼, ਮੁਕੱਦਮਾ ਚਲਾਉਣ ਅਤੇ ਗ਼ੈਰਕਾਨੂੰਨੀ ਤੌਰ 'ਤੇ ਬਣਾਈ ਗਈ ਸੰਪਤੀ ਜ਼ਬਤ ਕਰਨ ਆਦਿ ਦੇ ਸਬੰਧ ਵਿਚ ਕੇਸ ਦਰ ਕੇਸ ਦੇ ਆਧਾਰ 'ਤੇ ਲਿਆ ਜਾਵੇਗਾ। ਮੁੱਖ ਮੰਤਰੀ ਨੂੰ 23 ਫਰਵਰੀ ਨੂੰ ਉੱਚ ਪੱਧਰੀ ਮੀਟਿੰਗ ਦੌਰਾਨ ਇਨਾਮ ਨੀਤੀ ਬਾਰੇ ਸੁਝਾਅ ਪ੍ਰਾਪਤ ਹੋਇਆ ਸੀ। ਇਸ ਨੀਤੀ ਤਹਿਤ ਯੋਗ ਵਿਅਕਤੀਆਂ ਦੀ ਸ਼੍ਰੇਣੀ ਵਿਚ ਮੁਖ਼ਬਰਾਂ ਨੂੰ ਸ਼ਾਮਲ ਕੀਤਾ ਜਾਵੇਗਾ ਅਤੇ ਇਸ ਵਿਚ ਕੇਂਦਰ ਅਤੇ ਪੰਜਾਬ ਸਰਕਾਰ ਦੇ ਅਧਿਕਾਰੀ ਤੇ ਮੁਲਾਜ਼ਮ ਵੀ ਸ਼ਾਮਲ ਹੋਣਗੇ। ਉਹ ਵੱਧ ਤੋਂ ਵੱਧ 50 ਫ਼ੀਸਦੀ ਇਨਾਮ ਦੇ ਯੋਗ ਹੋਣਗੇ। ਜੋ ਸਰਕਾਰੀ ਅਧਿਕਾਰੀ ਜਾਂ ਮੁਲਾਜ਼ਮ ਵੱਡੇ ਨਿੱਜੀ ਖ਼ਤਰੇ ਦਾ ਸਾਹਮਣਾ ਕਰਨਗੇ, ਉਨ੍ਹਾਂ ਨੂੰ ਇਸ ਤੋਂ ਵੱਧ ਇਨਾਮ ਦੇਣ ਲਈ ਵੀ ਵਿਚਾਰਿਆ ਜਾਵੇਗਾ। ਇਹ ਇਨਾਮ ਪੂਰਨ ਤੌਰ ਉਤੇ ਐਕਸ-ਗ੍ਰੇਸ਼ੀਆ ਅਦਾਇਗੀ ਹੋਵੇਗੀ ਅਤੇ ਇਨਾਮ ਤੈਅ ਕਰਨ ਲਈ ਸਮਰੱਥ ਅਥਾਰਟੀ ਦਾ ਫੈਸਲਾ ਅੰਤਿਮ ਹੋਵੇਗਾ। ਮੁਖਬਰਾਂ ਨੂੰ ਇਨਾਮ ਵੱਖ-ਵੱਖ ਪੜਾਵਾਂ ਉਤੇ ਅਦਾ ਕੀਤਾ ਜਾਵੇਗਾ। ਜ਼ਬਤੀ ਦੇ ਕੇਸ ਵਿਚ ਸਰਕਾਰੀ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਇਨਾਮ ਗੈਰ-ਕਾਨੂੰਨੀ ਨਸ਼ਿਆਂ ਦੀ ਮੌਜੂਦਗੀ ਦੀ ਪੁਸ਼ਟੀ ਸਬੰਧੀ ਫੋਰੈਂਸਿਕ ਸਾਇੰਸ ਲੈਬਾਰਟਰੀ ਦੀ ਰਸੀਦ ਮਿਲਣ ਤੋਂ ਬਾਅਦ ਦਿੱਤਾ ਜਾਵੇਗਾ। ਇਨਾਮ ਦੀ ਰਾਸ਼ੀ (ਪ੍ਰਤੀ ਕਿਲੋਗ੍ਰਾਮ) ਨਾਰਕੋਟਿਕ ਡਰੱਗਜ਼ ਐਂਡ ਸਾਈਕੋਟ੍ਰੋਪਿਕ ਸਬਸਟੈਂਸ ਐਕਟ, 1985 ਦੀਆਂ ਧਾਰਾਵਾਂ ਤਹਿਤ ਜ਼ਬਤ ਕੀਤੇ ਪਦਾਰਥਾਂ ਅਨੁਸਾਰ ਹੋਵੇਗੀ। ਅਫੀਮ ਦੇ ਮਾਮਲੇ ਵਿਚ 6000 ਰੁਪਏ, ਮੌਰਫੀਨ ਬੇਸ ਅਤੇ ਇਸ ਦੇ ਸਾਲਟ ਲਈ 20,000 ਰੁਪਏ, ਹੈਰੋਇਨ ਅਤੇ ਇਸ ਦੇ ਸਾਲਟ ਲਈ 1,20,000 ਰੁਪਏ, ਕੋਕੀਨ ਅਤੇ ਇਸ ਦੇ ਸਾਲਟ ਲਈ 2,40,000 ਰੁਪਏ, ਹਸ਼ੀਸ਼ ਲਈ 2000 ਰੁਪਏ, ਹਸ਼ੀਸ਼ ਤੇਲ ਲਈ 10,000 ਰੁਪਏ, ਗਾਂਜੇ ਲਈ 600 ਰੁਪਏ ਰੱਖੇ ਗਏ ਹਨ।

### ਸੰਤ ਰਾਮ ਉਦਾਸੀ ਦੇ ਜਨਮ ਦਿਵਸ 'ਤੇ

# ਮੇਰੀ ਮੌਤ 'ਤੇ ਰੋਇਓ

[ਸਫ਼ਾ 7 ਦੀ ਬਾਕੀ]

ਘਰ ਤੋਂ ਸੰਨਿਆਸ ਲੈਣਾ ਚਾਹੁੰਨਾਂ। ਤੂੰ ਥੋੜ੍ਹਾ ਬਹੁਤਾ ਸਾਥ ਦੇਹ। ਮੈਂ ਆਖਿਆ, ਉਦਾਸੀ ਤੂੰ ਘਬਰਾ ਨਾ। ਤੈਨੂੰ ਮੈਂ ਅੱਖਾਂ ਦੀਆਂ ਪੁਤਲੀਆਂ 'ਚ ਲੁਕੋ ਸਕਦਾਂ। ਤੂੰ ਕੁੜੀਆਂ ਮੁੰਡੇ ਵਿਆਹ ਲੈ, ਫੇਰ ਜੋ ਕਹੇਂਗਾ ਕਰਾਂਗਾ। ਉੱਦਣ ਅਸੀਂ ਬਹੁਤ ਗੱਲਾਂ ਕੀਤੀਆਂ...। 'ਬਹੁਤ ਗੱਲਾਂ ਦਾ ਬਹੁਤਾ ਵੇਰਵਾ ਦੇਣਾ ਸੰਘਾ ਮੁਨਾਸਬ ਨਹੀਂ ਸਮਝਦਾ। ਪ੍ਰੋ. ਬਲਕਾਰ ਸਿੰਘ ਤੇ ਉਦਾਸੀ ਦੀਆਂ ਟਿਕਟਾਂ ਬੁੱਕ ਸਨ। ਉਸ ਦੀ ਵਿਗੜੀ ਹਾਲਤ ਦੇਖ ਕੇ ਮੈਂ ਉਹਨੂੰ ਆਪਣੇ ਕੋਲ ਰੱਖਣ ਦਾ ਬੜਾ ਯਤਨ ਕੀਤਾ। ਪਰ ਉਸ ਨੇ ਉੱਕਾ ਨਾਂਹ ਕਰ ਦਿੱਤੀ। ਸਵੇਰੇ ਸਾਹਜਰੇ ਹੀ ਉਹ ਬਲਕਾਰ ਸਿੰਘ ਨਾਲ ਗੱਡੀ ਚੜ੍ਹ ਗਿਆ। ਗੱਡੀ ਵਿਚ ਸੁੱਤੇ ਪਏ ਦੀ ਉਹਦੀ ਮੌਤ ਹੋ ਗਈ। ਉਹਦਾ ਸਸਕਾਰ ਮਨਵਾੜ ਦੇ ਸਿਵਿਆਂ ਵਿਚ ਕੀਤਾ ਗਿਆ ਤੇ ਹਜ਼ੂਰ ਸਾਹਿਬ ਭੋਗ ਪਾਉਣ ਪਿੱਛੋਂ ਫੁੱਲ ਗੋਦਾਵਰੀ ਨਦੀ ਵਿਚ ਤਾਰੇ ਗਏ। ਅਜਿਹੀ ਹੋਣੀ ਸੀ ਪੰਜਾਬ ਦੇ ਜਾਏ, ਲੋਕ-ਕਾਵਿ ਦੇ ਮਘਦੇ ਸੂਰਜ, ਕੰਮੀਆਂ ਕਿਰਤੀਆਂ ਦੇ ਲੋਕ ਕਵੀ ਦੀ! ਉਦਾਸੀ ਦੇ ਇਕ ਨਿੱਜੀ ਦੋਸਤ ਦੀ ਟਿੱਪਣੀ ਕਾਬਲੇ ਗੌਰ ਹੈ: ਜਦੋਂ ਕੋਈ ਉਦਾਸੀ ਵਰਗਾ ਕਵੀ ਤੁਰ ਜਾਂਦਾ ਹੈ ਤਾਂ ਲੋਕ ਇਸ ਨੂੰ 'ਬੇਵਕਤੀ ਮੌਤ' ਆਖ ਕੇ ਸ਼ੋਕ ਜ਼ਾਹਰ ਕਰਦੇ ਹਨ ਪਰ ਮੌਤ ਦੇ ਕਾਰਨਾਂ ਵੱਲ ਧਿਆਨ ਨਹੀਂ ਦਿੰਦੇ। ਉਦਾਸੀ ਦੀ ਮੌਤ ਦੇ ਕਾਰਨਾਂ ਵਿਚ ਨਕਸਲੀਆਂ ਦਾ ਖਿੰਡ ਕੇ ਖੱਖੜੀਆਂ ਕਰੇਲੇ ਹੋ ਜਾਣਾ, ਉਦਾਸੀ ਦਾ ਉਦਾਸ ਹੋ ਜਾਣਾ, ਵੱਖ ਵੱਖ ਗਰੁਪਾਂ ਵੱਲੋਂ ਉਦਾਸੀ ਨੂੰ ਮਾਨਸਿਕ ਢਾਰਸ ਦੇਣ ਦੀ ਬਜਾਏ, ਕਵੀ ਦੀ ਆਪਣੇ ਧੜੇ ਵੱਲ ਖਿੱਚ ਧੂਹ ਕਰਨੀ ਤੇ ਫਿਰ ਉਹਦਾ ਬਾਈਕਾਟ ਕਰ ਦੇਣਾ, ਸ਼ਾਮਲ ਹਨ। ਉਦਾਸੀ ਵੱਲੋਂ ਜਮਾਤੀ ਦੁਸ਼ਮਣਾਂ ਅਤੇ ਜਮਾਤੀ ਦੁਸ਼ਮਣਾਂ ਵੱਲੋਂ ਉਦਾਸੀ ਦਾ ਵਿਰੋਧ ਕਰਨਾ ਤਾਂ ਬਣਦਾ ਹੀ ਸੀ। ਅਫ਼ਸੋਸ ਕਿ ਉਹਦੀ 'ਆਪਣੀ ਜਮਾਤ' ਦੇ ਹੀ ਸਾਥੀਆਂ ਨੇ ਉਹਦਾ ਅੰਨ੍ਹਾਂ ਵਿਰੋਧ ਕੀਤਾ ਜਿਨ੍ਹਾਂ ਨੇ ਉਸ ਨੂੰ ਮੌਤ ਦੇ ਅੰਨ੍ਹੇ ਖੂਹ ਵੱਲ ਧੱਕ ਦਿੱਤਾ! ਕਾਸ਼! ਇਨਕਲਾਬ ਨੂੰ ਪਰਨਾਏ ਇਸ ਲੋਕ ਕਵੀ ਨੂੰ ਉਹਦੇ ਹੀ ਸਾਥੀ ਜੇ ਝੇੜਾਂ ਨਾ ਕਰਦੇ, ਤੋਹਮਤਾਂ ਨਾ ਲਾਉਂਦੇ, ਬਦਖੋਹੀ ਨਾ ਕਰਦੇ ਅਤੇ 'ਲੋਕ ਕਵੀ' ਦੀ ਥਾਂ 'ਨੋਟ ਕਵੀ' ਤੇ 'ਲਹੂ ਭਿੱਜੇ ਬੋਲਾਂ' ਵਾਲਾ ਕਵੀ ਕਹਿਣ ਦੀ ਥਾਂ 'ਸ਼ਰਾਬ ਭਿੱਜੇ ਬੋਲਾਂ' ਵਾਲਾ 'ਵਿਕਿਆ ਕਵੀ' ਨਾ ਕਹਿੰਦੇ ਤਾਂ ਸੰਭਵ ਸੀ ਉਹ ਵੱਧ ਵਰ੍ਹੇ ਜਿਉਂਦਾ ਅਤੇ ਹੋਰ ਲਿਖਦਾ ਤੇ ਗਾਉਂਦਾ। ਪੰਜਾਬੀ ਦੇ ਇਸ ਬਦਕਿਸਮਤ ਕਵੀ ਕੋਲ ਕੋਈ ਦੁਨਿਆਵੀ ਜਾਇਦਾਦ ਨਹੀਂ ਸੀ ਜਿਸ ਦੀ ਉਹ ਵਸੀਅਤ ਕਰਦਾ। ਫਿਰ ਵੀ ਉਸ ਨੇ 'ਵਸੀਅਤ' ਲਿਖੀ:

**ਮੇਰੀ ਮੌਤ 'ਤੇ ਨਾ ਰੋਇਓ, ਮੇਰੀ ਸੋਚ ਨੂੰ ਬਚਾਇਓ**
**ਮੇਰੇ ਲਹੂ ਦਾ ਕੇਸਰ ਰੇਤੇ 'ਚ ਨਾ ਰਲਾਇਓ**
**ਮੇਰੀ ਜ਼ਿੰਦਗੀ ਵੀ ਕੀ ? ਬਸ ਬੂਰ ਸਰਕੜੇ ਦਾ**
**ਆਹਾਂ ਦਾ ਸੇਕ ਕਾਫ਼ੀ ਤੀਲੀ ਬੇਸ਼ੱਕ ਨਾ ਲਾਇਓ**
**ਹੋਣਾ ਨਹੀਂ ਮੈਂ ਚਾਹੁੰਦਾ, ਸੜ ਕੇ ਸੁਆਹ ਇਕੇਰਾਂ**
**ਜਦ ਜਦ ਢਲੇਗਾ ਸੂਰਜ, ਕਣ ਕਣ ਮੇਰਾ ਜਲਾਇਓ**
**ਵਲਗਣ 'ਚ ਕੈਦ ਹੋਣਾ, ਮੇਰੇ ਨਹੀਂ ਮੁਆਫ਼ਕ**
**ਯਾਰਾਂ ਦੇ ਵਾਂਗ ਅਰਥੀ ਸੜਕਾਂ 'ਤੇ ਹੀ ਜਲਾਇਓ**
**ਜੀਵਨ ਤੋਂ ਮੌਤ ਤਾਈਂ, ਆਉਂਦੇ ਬੜੇ ਚੁਰਾਹੇ**
**ਜਿਸ ਦਾ ਹੈ ਪੰਧ ਬਿਖੜਾ ਓਸੇ ਹੀ ਰਾਹ ਲਿਜਾਇਓ**
**ਮੇਰੀ ਮੌਤ 'ਤੇ ਨਾ ਰੋਇਓ...**












## ਪੰਜਾਬ ਦੇ ਸਿਆਸੀ ਪਾਣੀਆਂ ਵਿਚ ਜਵਾਰਭਾਟਾ...

# ਪੁਲਿਸ ਅਧਿਕਾਰੀ ਕੁੰਵਰ ਵੱਲੋਂ ਅਸਤੀਫਾ ਕਿਉਂ ?

**ਸੁਖਵਿੰਦਰ ਸਿੰਘ ਚੋਹਲਾ**

ਬੀਤੇ ਦਿਨੀਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋ 2015 ਦੀਆਂ ਧਾਰਮਿਕ ਬੇਅਦਬੀਆਂ ਅਤੇ ਕੋਟਕਪੂਰਾ ਗੋਲੀਕਾਂਡ ਸਬੰਧੀ ਆਈ ਜੀ ਪੁਲਿਸ ਕੁੰਵਰ ਵਿਜੇ ਪ੍ਰਤਾਪ ਸਿੰਘ ਦੀ ਅਗਵਾਈ ਵਾਲੀ ਵਿਸ਼ੇਸ਼ ਜਾਂਚ ਟੀਮ ਦੀ ਪੜਤਾਲੀਆ ਰਿਪੋਰਟ ਰੱਦ ਕੀਤੇ ਜਾਣ ਅਤੇ ਸਬੰਧਿਤ ਪੁਲਿਸ ਅਧਿਕਾਰੀ ਨੂੰ ਪੜਤਾਲ ਤੋਂ ਲਾਂਭੇ ਕੀਤੇ ਜਾਣ ਦੇ ਫੈਸਲੇ ਨੇ ਪੰਜਾਬ ਦੇ ਸਿਆਸੀ ਪਾਣੀਆਂ ਵਿਚ ਜਵਾਰਭਾਟਾ ਲਿਆ ਦਿੱਤਾ ਹੈ। ਆਈ ਜੀ ਸਾਹਿਬ ਵਲੋ ਆਪਣੇ ਅਹੁਦੇ ਤੋ ਅਸਤੀਫਾ ਦੇਣ ਦੇ ਫੈਸਲੇ ਨੇ ਇਸ ਮੁੱਦੇ ਨੂੰ ਹੋਰ ਵੀ ਪੇਚੀਦਾ ਬਣਾ ਦਿੱਤਾ ਹੈ। ਭਾਵੇਂਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਈ ਜੀ ਦਾ ਅਸਤੀਫਾ ਅਪ੍ਰਵਾਨ ਕਰਦਿਆਂ ਉਸਨੂੰ ਇਕ ਕਾਬਲ ਅਤੇ ਦਲੇਰ ਅਫਸਰ ਵਜੋ ਥਾਪੜਾ ਦਿੰਦਿਆਂ, ਉਸਦੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ ਹੈ ਪਰ ਪੁਲਿਸ ਅਧਿਕਾਰੀ ਵਲੋਂ ਆਪਣੇ ਫੈਸਲੇ ਉਪਰ ਅੜੇ ਰਹਿਣ ਅਤੇ ਮੀਡੀਆ ਵਿਚ ਹੀਰੋਪੰਤੀ ਨੇ ਤੰਤਰ ਦੀਆਂ ਭਵਾਂ ਚੜਾ ਦਿੱਤੀਆਂ ਹਨ। ਮੁੱਖ ਮੰਤਰੀ ਵਲੋ ਹਾਈਕੋਰਟ ਦੇ ਫੈਸਲੇ ਖਿਲਾਫ ਸੁਪਰੀਮ ਕੋਰਟ ਵਿਚ ਅਪੀਲ ਕਰਨ ਦਾ ਐਲਾਨ ਕੀਤਾ ਗਿਆ ਪਰ ਨਾਲ ਹੀ ਪੰਜਾਬ ਦੇ ਐਡਵੋਕੇਟ ਜਨਰਲ ਅਤੇ ਵਕੀਲਾਂ ਦੀ ਵੱਡੀ ਟੀਮ ਦੀ ਭੂਮਿਕਾ ਉਪਰ ਵੀ ਸਵਾਲ ਖੜੇ ਹੋ ਗਏ ਹਨ। ਮੁੱਖ ਮੰਤਰੀ ਵਲੋ ਆਪਣੇ ਚਹੇਤੇ ਵਜ਼ੀਰਾਂ ਤੇ ਵਿਧਾਇਕਾਂ ਨਾਲ ਇਕ ਹੰਗਾਮੀ ਮੀਟਿੰਗ ਕਰਕੇ ਸਥਿਤੀ ਉਪਰ ਵਿਚਾਰ ਚਰਚਾ ਕਰਨ ਦੀ ਖਬਰ ਹੈ। ਸੂਤਰਾਂ ਮੁਤਾਬਿਕ ਮੁੱਖ ਮੰਤਰੀ ਦੇ ਕਰੀਬੀ ਵੀ ਹਾਈਕੋਰਟ ਦੇ ਇਸ ਫੈਸਲੇ ਨਾਲ ਸਰਕਾਰ ਅਤੇ ਪੰਜਾਬ ਕਾਂਗਰਸ ਉਪਰ ਪੈਣ ਵਾਲੇ ਪ੍ਰਭਾਵਾਂ ਤੋਂ ਚਿੰਤਤ ਹਨ। ਉਹ ਵਧੇਰੇ ਚਿੰਤਤ ਲੋਕਾਂ ਵਿਚ ਇਸ ਪ੍ਰਭਾਵ ਤੇ ਹਨ ਕਿ ਪਰਦੇ ਹੇਠ ਇਹ ਮੁੱਖ ਮੰਤਰੀ ਦੀ ਸਾਬਕਾ ਮੁੱਖ ਮੰਤਰੀ ਅਤੇ ਅਕਾਲੀ ਦਲ ਦੇ ਪ੍ਰਧਾਨ ਨਾਲ ਨੇੜਤਾ ਦੇ ਰੰਗ ਦੀ ਹੀ ਕੋਈ ਸ਼ੇਡ ਹੈ। ਸ਼ੇਡ 'ਭਾਅ' ਮਾਰਦੀ ਹੈ ਕਿ ਮੁੱਖ ਮੰਤਰੀ ਖੁਦ ਹੀ ਆਪਣੇ ਸਿਆਸੀ ਰਕੀਬਾਂ ਨੂੰ ਬਚਾਉਣ ਦੇ ਆਹਰ ਵਿਚ ਹਨ। ਉਧਰ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਅਤੇ ਅਕਾਲੀ ਦਲ ਦੇ ਪ੍ਰਧਾਨ ਸ ਸੁਖਬੀਰ ਸਿੰਘ ਬਾਦਲ ਦਾ ਕਹਿਣਾ ਹੈ ਕਿ ਹਾਈਕੋਰਟ ਵਲੋ ਸਿਟ ਦੀ ਪੜਤਾਲੀਆ ਰਿਪੋਰਟ ਰੱਦ ਕੀਤੇ ਜਾਣ ਨਾਲ ਸਰਕਾਰ ਅਤੇ ਪੜਤਾਲੀਆ ਅਧਿਕਾਰੀ ਦੀ ਬਦਨੀਤ ਜ਼ਾਹਰ ਹੋ ਗਈ ਹੈ। ਉਹਨਾਂ ਦਾ ਮਕਸਦ ਜਾਂਚ ਨੂੰ ਨਿਰਪੱਖ ਢੰਗ ਨਾਲ ਨੇਪਰੇ ਚਾੜਨਾ ਨਹੀ ਸਗੋ ਬਾਦਲ ਪਰਿਵਾਰ ਨੂੰ ਨਿਸ਼ਾਨਾ ਬਣਾਉਣਾ ਸੀ। ਅਕਾਲੀ ਦਲ ਦੀਆਂ ਵਿਰੋਧੀ ਧਿਰਾਂ ਜਾਂ ਬਾਦਲ ਪਰਿਵਾਰ ਦੇ ਨਾਮ ਤੋ ਚਿੜ ਖਾਣ ਵਾਲੇ ਲੋਕ ਇਸ ਘਟਨਾਕ੍ਰਮ ਨੂੰ ਅਦਾਲਤ ਉਪਰ ਅਧਿਕ ਸਿਆਸੀ ਦਬਾਅ ਨਾਲ ਜੋੜ ਸਕਦੇ ਹਨ। ਕਿਸੇ ਸਿਆਸੀ ਖਿਚੜੀ ਦੀਆਂ ਕਨਸੋਆਂ ਵੀ ਪਾ ਸਕਦੇ ਹਨ ਪਰ ਅਦਾਲਤ ਨੇ ਤਾਂ ਫੈਸਲਾ ਕਨੂੰਨੀ ਵਿਵਸਥਾਵਾਂ ਦੇ ਦਾਇਰੇ ਤਹਿਤ ਤੱਥਾਂ ਅਤੇ ਸਬੂਤਾਂ ਦੇ ਆਧਾਰ ਤੇ ਹੀ ਕਰਨਾ ਹੁੰਦਾ ਹੈ। ਅਦਾਲਤੀ ਪਟੀਸ਼ਨ ਦੀ ਪੜ੍ਹਤ ਵੀ ਅਜਿਹੀ ਹੀ ਤਸਦੀਕ ਹੈ। ਅਦਾਲਤ ਨੇ ਕੋਟਕਪੂਰਾ ਦੇ ਤਤਕਾਲੀ ਐਚ ਐਚ ਓ ਗੁਰਦੀਪ ਸਿੰਘ ਵਲੋ ਪਾਈ ਗਈ ਪਟੀਸ਼ਨ ਦੀ ਸੁਣਵਾਈ ਕਰਦਿਆਂ ਕਾਬਲ ਵਕੀਲ ਦੀ ਇਸ ਦਲੀਲ ਨਾਲ ਸਹਿਮਤੀ ਪ੍ਰਗਟ ਕੀਤੀ ਹੈ ਕਿ ਕੋਟਕਪੂਰਾ ਗੋਲੀਕਾਂਡ ਦੀ ਘਟਨਾ ਸਬੰਧੀ 14 ਅਕਤੂਬਰ 2015 ਨੂੰ ਦਰਜ ਕੀਤੀ ਗਈ ਐਫ ਆਰ ਆਈ ( ਨੰਬਰ 192) ਉਪਰੰਤ ਦੂਸਰੀ ਐਫ ਆਰ ਆਈ ( ਨੰਬਰ 129) ਲਗਪਗ ਤਿੰਨ ਸਾਲ ਬਾਦ 7 ਅਗਸਤ 2018 ਵਿਚ ਦਰਜ ਕਰਨਾ ਗੈਰ-ਸੰਵਿਧਾਨਕ ਤੇ ਕਨੂੰਨੀ ਉਲੰਘਣਾ ਹੈ। ਪਹਿਲੀ ਐਫ ਆਰ ਆਈ ਅਕਾਲੀ ਸਰਕਾਰ ਵੇਲੇ ਜਦੋ ਘਟਨਾ ਵਾਪਰੀ ਉਸ ਸਮੇ ਦਰਜ ਹੋਈ ਤੇ ਦੂਸਰੀ ਐਫ ਆਰ ਆਈ ਸਰਕਾਰ ਬਦਲ ਜਾਣ ਉਪਰੰਤ ਜਿਲਾ ਪੁਲਿਸ ਮੁਖੀ ਦੇ ਆਦੇਸ਼ਾਂ ਉਪਰੰਤ ਕੀਤੀ ਗਈ। ਪਟੀਸ਼ਨ ਕਰਤਾ ਦਾ ਦੋਸ਼ ਹੈ ਕਿ ਦੂਸਰੀ ਐਫ ਆਰ ਆਈ ਕਿਸੇ ਬਦਨੀਅਤ ਤਹਿਤ ਹੀ ਦਰਜ ਕੀਤੀ ਗਈ। ਇਸ ਪੜਤਾਲੀਆ ਰਿਪੋਰਟ ਉਪਰ ਸਬੰਧਿਤ ਜਾਂਚ ਅਧਿਕਾਰੀ ਵਲੋ 23 ਮਈ 2019 ਨੂੰ ਉਸ ਸਮੇ ਦਸਤਖਤ ਕੀਤੇ ਗਏ ਜਦੋ ਅਕਾਲੀ ਦਲ ਵਲੋ ਪੁਲਿਸ ਅਧਿਕਾਰੀ ਦੀ 19 ਮਾਰਚ 2019 ਨੂੰ ਟੀਵੀ ਉਪਰ ਇਕ ਇੰਟਰਵਿਊ ਸਬੰਧੀ ਸ਼ਿਕਾਇਤ ਉਪਰੰਤ ਚੋਣ ਕਮਿਸ਼ਨ ਵੱਲੋ ਉਸਨੂੰ 5 ਅਪ੍ਰੈਲ 2019 ਨੂੰ ਜਾਂਚ ਤੋ ਲਾਂਭੇ ਕਰਨ ਦੇ ਆਦੇਸ਼ ਦਿੱਤੇ ਜਾ ਚੁੱਕੇ ਸਨ। ਚੋਣ ਜ਼ਾਬਤਾ 26 ਮਈ 2019 ਨੂੰ ਖਤਮ ਹੋਣ ਤੋ ਤਿੰਨ ਦਿਨ ਪਹਿਲਾਂ ਜਾਂਚ ਅਧਿਕਾਰੀ ਕੁੰਵਰ ਵਿਜੇ ਪ੍ਰਤਾਪ ਸਿੰਘ ਵਲੋ ਦਸਤਖਤ ਕੀਤੇ ਗਏ ਜਦੋਕਿ ਕਿ ਵਿਸ਼ੇਸ਼ ਜਾਂਚ ਟੀਮ ਦੇ ਕਿਸੇ ਵੀ ਹੋਰ ਮੈਂਬਰ ਨੇ ਦਸਤਖਤ ਨਹੀ ਕੀਤੇ। ਜਿਸਤੋ ਜਾਂਚ ਅਧਿਕਾਰੀ ਦੇ ਪੱਖਪਾਤੀ ਰਵੱਈਏ ਦੀ ਸ਼ੰਕਾ ਜ਼ਾਹਰ ਕੀਤੀ ਗਈ ਹੈ। ਅਦਾਲਤ ਨੇ ਨਵੀ ਜਾਂਚ ਟੀਮ ਦੇ ਗਠਨ ਦਾ ਆਦੇਸ਼ ਕਰਦਿਆਂ ਉਸ ਟੀਮ ਵਿਚ ਸਬੰਧਿਤ ਜਾਂਚ ਅਧਿਕਾਰੀ ਨੂੰ ਬਾਹਰ ਰੱਖਣ ਦੇ ਆਦੇਸ਼ ਦਿੱਤੇ ਹਨ। ਕੋਟਕਪੁਰਾ ਗੋਲੀਕਾਂਡ ਦੀ ਜਾਂਚ ਕਰਨ ਵਾਲੀ ਵਿਸ਼ੇਸ਼ ਟੀਮ ਦੇ ਮੁਖੀ ਕੁੰਵਰ ਵਿਜੇ ਪ੍ਰਤਾਪ ਸਿੰਘ ਦਾ ਕਹਿਣਾ ਹੈ ਕਿ ਉਹ ਅਦਾਲਤ ਦੇ ਫੈਸਲੇ ਉਪਰ ਕੋਈ ਟੀਕਾ ਟਿਪਣੀ ਨਹੀ ਕਰਨਗੇ ਪਰ ਉਹਨਾਂ ਵਲੋ ਰੋਸ ਵਜੋ ਅਸਤੀਫਾ ਦਿੱਤੇ ਜਾਣ ਨੂੰ ਕੀ ਸਮਝਿਆ ਜਾਵੇ? ਕਿਸੇ ਵੀ ਕੇਸ ਦੀ ਜਾਂਚ ਕਰਨ ਵਾਲੇ ਅਧਿਕਾਰੀ ਦਾ ਮੁੱਢਲਾ ਅਤੇ ਅੰਤਿਮ ਕੰਮ ਸਬੰਧਿਤ ਜਾਂਚ ਨੂੰ ਸਬੂਤਾਂ ਤੇ ਤੱਥਾਂ ਸਮੇਤ ਇਮਾਨਦਾਰੀ ਨਾਲ ਨੇਪਰੇ ਚਾੜਕੇ ਅਦਾਲਤ ਵਿਚ ਚਲਾਨ ਪੇਸ਼ ਕਰਨਾ ਹੁੰਦਾ ਹੈ। ਅੱਗੇ ਅਦਾਲਤ ਨੇ ਕਨੂੰਨੀ ਵਿਵਸਥਾਵਾਂ ਤਹਿਤ ਉਸਦੀ ਨਿਰਖ ਪਰਖ ਕਰਦਿਆਂ ਫੈਸਲਾ ਸੁਣਾਉਣਾ ਹੁੰਦਾ ਹੈ। ਅਗਰ ਕੋਈ ਜਾਂਚ ਅਧਿਕਾਰੀ ਇਹ ਕਹੇ ਕਿ ਉਸ ਵਲੋ ਕੀਤੀ ਗਈ ਜਾਂਚ ਅਤੇ ਦੋਸ਼ ਪੱਤਰ ਦੀ ਹਰ ਇਕ ਸਤਰ ਆਪਣੇ ਆਪ ਵਿਚ ਇਕ ਸਬੂਤ ਹੈ ਭਾਵ ਆਖਰੀ ਫੈਸਲਾ ਹੈ ਤਾਂ ਉਸ ਜਾਂਚ ਅਧਿਕਾਰੀ ਦੀ ਸਮਝ ਨੂੰ ਕੀ ਕਿਹਾ ਜਾਵੇਗਾ ? ਉਹ ਇਹ ਵੀ ਕਹਿੰਦੇ ਹਨ ਕਿ ਇਸ ਜਾਂਚ ਰਿਪੋਰਟ ਨੂੰ ਕਿਸੇ ਵੀ ਹਾਲਤ ਵਿਚ ਨਕਾਰਿਆ ਨਹੀ ਜਾ ਸਕਦਾ। ਜੋ ਦੋਸ਼ੀ ਹਨ ਉਹ ਸੱਚ ਦਾ ਸਾਹਮਣਾ ਨਹੀ ਕਰ ਸਕਦੇ। ਉਹਨਾਂ ਦੀ ਰਿਪੋਰਟ ਪੇਸ਼ ਤਾਂ ਦੁਨਿਆਵੀ ਅਦਾਲਤ ਵਿਚ ਹੁੰਦੀ ਹੈ ਪਰ ਉਹ ਫੈਸਲੇ ਦੀ ਅਪੀਲ ਆਖਰੀ ਅਦਾਲਤ ਭਾਵ ਰੱਬ ਦੀ ਅਦਾਲਤ ਵਿਚ ਪਾ ਰਹੇ ਹਨ।

ਹਾਈਕੋਰਟ ਵਲੋ ਉਹਨਾਂ ਦੀ ਜਾਂਚ ਰਿਪੋਰਟ ਰੱਦ ਕੀਤੇ ਜਾਣ ਅਤੇ ਜਾਂਚ ਤੋ ਲਾਂਭੇ ਕੀਤੇ ਜਾਣ ਦੇ ਫੈਸਲੇ ਉਪਰੰਤ ਉਹਨਾਂ ਸਰਕਾਰ ਨੂੰ ਜੋ ਅਸਤੀਫਾ ਭੇਜਿਆ ਹੈ, ਉਹ ਫੇਸਬੁੱਕ ਵੀ ਸ਼ੇਅਰ ਕੀਤਾ ਗਿਆ ਹੈ। ਫੇਸਬੁੱਕ ਉਪਰ ਆਪਣੇ ਅਸਤੀਫੇ ਦੇ ਨਾਲ ਦੇਸ਼ ਸੇਵਾ ਦਾ ਜਜ਼ਬਾ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਦੇਸ਼ ਭਗਤੀ ਵਿਚ ਗੜੁੱਚ ਕਵਿਤਾ ਦੀਆਂ ਸਤਰਾਂ ਨਾਲ ਪ੍ਰਗਟਾਇਆ ਹੈ। ਨਾਲ ਇਹ ਵੀ ਸੰਦੇਸ਼ ਦੇਣ ਦਾ ਯਤਨ ਕੀਤਾ ਹੈ ਕਿ ਉਹਨਾਂ ਦੀ ਇਸ ਜਾਂਚ ਰਿਪੋਰਟ ਦਾ ਸਫਰ ਦੁਸ਼ਵਾਰੀਆਂ ਤੇ ਚੁਣੌਤੀਆਂ ਭਰਿਆ ਸੀ ਜਿਸਨੂੰ ਦੇਸ਼ ਭਗਤੀ ਦੇ ਜਜ਼ਬੇ ਨਾਲ ਹੀ ਸਰ ਕੀਤਾ ਜਾ ਸਕਦਾ ਸੀ।

ਕਿਹਾ ਜਾ ਸਕਦਾ ਹੈ ਕਿ ਆਈ ਜੀ ਸਾਹਿਬ ਨੇ ਇਸ ਜਾਂਚ ਨੂੰ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨੇਪਰੇ ਚਾੜਨ ਦਾ ਯਤਨ ਕੀਤਾ ਪਰ ਅਦਾਲਤ ਨੇ ਇਸ ਜਾਂਚ ਰਿਪੋਰਟ ਵਿਚ ਕਨੂੰਨੀ ਤੇ ਸੰਵਿਧਾਨਕ ਖਾਮੀਆਂ ਦਾ ਜ਼ਿਕਰ ਕੀਤਾ ਹੈ, ਉਸ ਲਈ ਜਿੰਮੇਵਾਰ ਕੌਣ ਹੈ? ਪੰਜਾਬ ਦੇ ਐਡਵੋਕੇਟ ਜਨਰਲ ਅਤੇ ਉਸਦੀ ਟੀਮ ਦੀ ਅਣਗਹਿਲੀ ਵੀ ਕਹੀ ਜਾ ਸਕਦੀ ਹੈ ਪਰ ਸਰੋਤਾਂ ਦਾ ਕਹਿਣਾ ਹੈ ਕਿ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਇਹ ਜਾਂਚ ਆਪਣੇ ਹੱਥਾਂ ਵਿਚ ਲੈਂਦਿਆਂ ਮੁੱਖ ਮੰਤਰੀ ਨੂੰ ਸਪੱਸ਼ਟ ਕਹਿ ਦਿੱਤਾ ਸੀ ਕਿ ਉਹ ਇਸ ਜਾਂਚ ਵਿਚ ਕਿਸੇ ਸਿਆਸੀ ਆਗੂ ਜਾਂ ਅਧਿਕਾਰੀ ਦੀ ਦਖਲ ਅੰਦਾਜ਼ੀ ਨਹੀ ਚਾਹੁੰਦੇ। ਇਥੋ ਤੱਕ ਕਿ ਉਹਨਾਂ ਆਪਣੀ ਵਕਾਲਤ ਦੀ ਪੜ੍ਹਾਈ ਦੇ ਹਵਾਲੇ ਨਾਲ ਐਡਵੋਕੇਟ ਜਨਰਲ ਦੇ ਦਫਤਰ ਦੀਆਂ ਸੇਵਾਵਾਂ ਲੈਣ ਤੋ ਵੀ ਇਨਕਾਰ ਕਰ ਦਿੱਤਾ ਸੀ। ਹੁਣ ਅਦਾਲਤ ਵਿਚ ਇਹ ਜਾਂਚ ਰਿਪੋਰਟ ਕਨੂੰਨੀ ਪੱਖ ਤੋ ਮਾਰ ਖਾ ਗਈ ਹੈ ਤਾਂ ਇਸਦੀ ਜ਼ਿੰਮੇਵਾਰੀ ਕੌਣ ਲਵੇਗਾ ?

ਇਸ ਦੌਰਾਨ ਕੁੰਵਰ ਸਾਹਿਬ ਵਲੋ ਮੀਡੀਆ ਸੁਰਖੀਆਂ ਬਟੋਰੇ ਜਾਣ ਅਤੇ ਸਮਾਜ ਸੇਵਾ ਨੂੰ ਸਮਰਪਣ ਭਾਵਨਾ ਦੇ ਪ੍ਰਗਟਾਵੇ ਨਾਲ ਵੀ ਸਿਆਸੀ ਹਲਕਿਆਂ ਦੇ ਮੱਥੇ ਠਣਕੇ ਹਨ। ਅਕਾਲੀ ਦਲ ਦੇ ਇਕ ਸੀਨੀਅਰ ਆਗੂ ਦਾ ਇਹ ਪ੍ਰਤੀਕਰਮ ਵਿਚਾਰਨਯੋਗ ਹੈ ਕਿ ਕੁੰਵਰ ਸਾਹਿਬ ਵਲੋਂ ਆਪਣੇ ਅਹੁਦੇ ਤੋ ਅਸਤੀਫਾ ਦੇਕੇ ਸਮਾਜ ਸੇਵਾ ਕਰਦੇ ਰਹਿਣ ਦੇ ਬਿਆਨ ਦਾ ਅਰਥ ਤਾਂ ਇਕ ਹੀ ਹੈ ਕਿ ਉਹ ਵਿਧਾਨ ਸਭਾ ਚੋਣਾਂ ਲੜਨ ਦਾ ਮਨ ਬਣਾ ਰਹੇ ਹਨ। ਇਸ ਦੌਰਾਨ ਆਮ ਆਦਮੀ ਪਾਰਟੀ ਦੇ ਇਕ ਵਿਧਾਇਕ ਵਲੋ ਉਹਨਾਂ ਨੂੰ 'ਆਪ' ਵਿਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ ਜਾਣਾ ਵੀ ਅਕਾਰਣ ਨਹੀ ਭਾਸਦਾ। ਕੁੰਵਰ ਵਿਜੇ ਪ੍ਰਤਾਪ ਸਿੰਘ ਦੀ ਇਕ ਇਮਾਨਦਾਰ ਅਤੇ ਕੰਮ ਨੂੰ ਸਮਰਪਿਤ ਅਫਸਰ ਵਜੋਂ ਛਵੀ ਦੀ ਚਰਚਾ ਹੈ। ਉਂਜ ਇਸ ਸੱਚ ਤੋ ਵੀ ਇਨਕਾਰੀ ਹੋਣਾ ਮੁਸ਼ਕਲ ਹੈ ਕਿ ਭਾਰਤੀ ਉਚ ਅਫਸਰਸ਼ਾਹੀ ( ਆਈ ਏ ਐਸ ਅਤੇ ਆਈ ਪੀ ਐਸ ਲਾਬੀ ) ਦਾ ਆਮ ਲੋਕਾਂ ਨਾਲ ਵਿਵਹਾਰ 'ਛੂਆ ਛਾਤ' ਵਾਲਾ ਹੀ ਹੈ। ਉਹਨਾਂ ਦੀ ਅਮੀਰ ਤੇ ਕੁਲੀਨ ਵਰਗ ਵਾਲੀ ਦੀਵਾਰ ਨੂੰ ਟੱਪਣਾ ਆਮ ਵਿਅਕਤੀ ਲਈ ਸਹਿਜ ਨਹੀ ਅਸੰਭਵ ਵੀ ਹੈ। ਅਗਰ ਉਹ ਨੌਕਰੀ ਛੱਡਕੇ ਸਿਆਸਤ ਵਿਚ ਕੁੱਦਣ ਦੀ ਇੱਛਾ ਰੱਖਦੇ ਹਨ ਤਾਂ ਉਹਨਾਂ ਨੂੰ ਮੁਬਾਰਕ। ਸਿਆਸਤ ਦੇ ਮੈਦਾਨ ਵਿਚ ਇਮਾਨਦਾਰ ਲੋਕਾਂ ਦੀ ਜ਼ਿਆਦਾ ਲੋੜ ਹੈ। ਪਰ ਉਹ ਇਹ ਖਿਆਲ ਜ਼ਰੂਰ ਰੱਖਣ ਕਿ ਸਮਾਜ ਸੇਵਾ ਦੇ ਨਾਮ ਹੇਠ ਰਵਾਇਤੀ ਸਿਆਸਤਦਾਨਾਂ ਦੀ ਤਰ੍ਹਾਂ ਉਤੇਜਿਤ ਧਾਰਮਿਕ ਭਾਵਨਾਵਾਂ ਨੂੰ ਤਾਕਤ ਸਮਝਣਾ ਉਚਿਤ ਨਹੀ। ਜ਼ਿਕਰਯੋਗ ਹੈ ਕਿ ਡੇਰਾ ਸੱਚਾ ਸੌਦਾ ਦੇ ਮੁਖੀ ਨੂੰ ਸ੍ਰੀ ਅਕਾਲ ਤਖਤ ਸਾਹਿਬ ਵਲੋ ਸਤੰਬਰ 2015 ਵਿਚ ਮੁਆਫੀ ਦੇਣ ਅਤੇ ਫਿਰ ਅਕਤੂਬਰ ਮਹੀਨੇ ਇਹ ਮੁਆਫੀ ਰੱਦ ਕੀਤੇ ਜਾਣ ਦੇ ਵਿਵਾਦ ਦੌਰਾਨ ਹੀ ਪੰਜਾਬ ਵਿਚ ਧਾਰਮਿਕ ਬੇਅਦਬੀ ਦੀਆਂ ਦੁਖਦਾਈ ਘਟਨਾਵਾਂ ਸਾਹਮਣੇ ਆਈਆਂ ਸਨ। ਧਾਰਮਿਕ ਬੇਅਦਬੀਆਂ ਨਾਲ ਸਬੰਧਿਤ ਤਿੰਨ ਐਫ ਆਰ ਆਈ-ਪਹਿਲੀ ਕੋਟਕਪੁਰਾ ਨੇੜੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਤੋ 2015 ਨੂੰ ਪਵਿੱਤਰ ਬੀੜ ਚੋਰੀ ਹੋਣ, ਦੂਸਰੀ 25 ਸਤੰਬਰ 2015 ਨੂੰ ਬਰਗਾੜੀ ਪਿੰਡ ਵਿਚ ਚੋਰੀ ਸਬੰਧੀ ਪੋਸਟਰ ਲਗਾਉਣ ਅਤੇ ਤੀਸਰੀ 12 ਅਕਤੂਬਰ 2015 ਨੂੰ ਬਰਗਾੜੀ ਪਿੰਡ ਚੋ ਬੀੜ ਸਾਹਿਬ ਦੇ ਪਾਟੇ ਹੋਏ ਪੱਤਰੇ ਬਰਾਮਦ ਹੋਣ ਸਬੰਧੀ ਦਰਜ ਕੀਤੀਆਂ ਗਈਆਂ ਸਨ। ਪਹਿਲਾਂ ਇਹਨਾਂ ਮਾਮਲਿਆਂ ਦੀ ਜਾਂਚ ਸੀ ਬੀ ਆਈ ਕਰ ਰਹੀ ਸੀ। ਹਾਈਕੋਰਟ ਦੇ ਆਦੇਸ਼ ਉਪਰੰਤ ਇਹ ਜਾਂਚ ਸੀਬੀਆਈ ਤੋ ਪੰਜਾਬ ਪੁਲਿਸ ਦੇ ਹਵਾਲੇ ਕੀਤੀ ਗਈ। ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਵਲੋ ਜਾਂਚ ਨੂੰ ਅੱਗੇ ਵਧਾਉਂਦਿਆਂ ਸਾਬਕਾ ਡੀ ਜੀ ਪੀ ਅਤੇ ਇਕ ਆਈ ਜੀ ਪੁਲਿਸ, ਇਕ ਸਾਬਕਾ ਐਸ ਐਸ ਪੀ ਅਤੇ ਕੁਝ ਹੋਰ ਮੌਜੂਦਾ ਤੇ ਸਾਬਕਾ ਅਧਿਕਾਰੀਆਂ ਖਿਲਾਫ ਕਾਰਵਾਈ ਆਰੰਭੀ ਗਈ ਸੀ ਪਰ ਹੁਣ ਚਿੰਤਾ ਕਰਨੀ ਬਣਦੀ ਹੈ ਕਿ ਆਈ ਜੀ ਕੁੰਵਰ ਨੂੰ ਕੋਟਕਪੁਰਾ ਤੋ ਇਲਾਵਾ ਜੂਨ 2020 ਵਿਚ ਜੋ ਬਹਿਬਲ ਕਲਾਂ ਗੋਲੀ ਕਾਂਡ ਜਿਸ ਵਿਚ ਦੋ ਸਿੱਖ ਨੌਜਵਾਨ ਮਾਰੇ ਗਏ ਸਨ, ਦੀ ਜਾਂਚ ਵੀ ਸੌਂਪੀ ਗਈ ਸੀ, ਉਸਦਾ ਕੀ ਬਣੇਗਾ? ਪਿਛਲੇ ਚਾਰ ਸਾਲ ਤੋ ਜੋ ਸਰਕਾਰ 'ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ' ਦੀ ਮੁਹਾਰਨੀ ਰੱਟਦੀ ਆ ਰਹੀ ਹੈ, ਉਹਨਾਂ ਦਾਅਵਿਆਂ ਦਾ ਕੀ ਹੋਵੇਗਾ? ਇਹਨਾਂ ਦਾਅਵਿਆਂ ਤੇ ਵਾਅਦਿਆਂ ਦਾ ਸੱਚ ਇਹ ਹੈ ਕਿ ਸਿਆਸੀ ਆਗੂਆਂ ਦਾ ਲੋਕਾਂ ਜਾਂ ਲੋਕ ਮੁੱਦਿਆਂ ਨਾਲ ਸਬੰਧ ਉਹਨਾਂ ਦੀ ਵੋਟ ਪਰਚੀ ਬਟੋਰਨ ਤੱਕ ਹੀ ਸੀਮਤ ਹੁੰਦਾ ਹੈ। ਭਾਵਨਾਵਾਂ, ਜਜ਼ਬਾਤੀ ਗੱਲਾਂ ਤੇ ਵਾਅਦਿਆਂ ਦਾ ਕਾਰੋਬਾਰ ਇੰਜ ਹੀ ਚਲਦਾ ਆਇਆ ਹੈ ਤੇ ਸ਼ਾਇਦ ਉਦੋ ਤੱਕ ਚਲਦਾ ਰਹੇਗਾ ਜਦੋ ਤੱਕ ਲੋਕ ਸੰਕੁਚਿਤ ਧਾਰਮਿਕ ਵਲਗਣਾਂ ਚੋ ਨਿਕਲਕੇ ਅਸਲ ਲੋਕ ਮੁੱਦਿਆਂ ਪ੍ਰਤੀ ਜਾਗਰੁਕ ਨਹੀ ਹੁੰਦੇ।



# ਕੈਨੇਡਾ ਸਰਕਾਰ ਵੱਲੋਂ ਭਾਰਤ ਤੇ ਪਾਕਿ ਤੋਂ ਆਉਣ ਵਾਲੀਆਂ...

[ਸਫ਼ਾ 3 ਦੀ ਬਾਕੀ]

10 ਉਡਾਨਾਂ 6 ਅਪ੍ਰੈਲ ਤੋਂ 16 ਅਪ੍ਰੈਲ ਵਿਚਕਾਰ ਦਿੱਲੀ ਤੋਂ ਵੈਨਕੂਵਰ ਆਈਆਂ ਹਨ ਅਤੇ ਕੁਝ ਉਡਾਨਾਂ ਵਿਚ ਕਈ ਪ੍ਰਭਾਵਿਤ ਲੋਕ ਸਵਾਰ ਸਨ। ਇਸੇ ਸਮੇਂ ਦੌਰਾਨ ਐਮਸਟਰਡਮ ਅਤੇ ਅਮਰੀਕਾ ਤੋਂ ਵੀ ਪ੍ਰਭਾਵਤ ਲੋਕ ਪੁੱਜੇ। ਕੈਨੇਡਾ ਆਉਣ ਵਾਲੀਆਂ ਸਾਰੀਆਂ ਉਡਾਨਾਂ ਦੇ ਪੰਜ ਸਾਲ ਤੋਂ ਵੱਧ ਉਮਰ ਦੇ ਲੋਕਾਂ ਨੂੰ ਪਿਛਲੇ ਤਿੰਨ ਦਿਨਾਂ ਵਿਚ ਕੋਵਿਡ-19 ਟੈਸਟ ਦੇ ਨੈਗੇਟਿਵ ਨਤੀਜੇ ਦੀ ਰਿਪੋਰਟ ਦਿਖਾਉਣੀ ਲਾਜ਼ਮੀ ਹੁੰਦੀ ਹੈ। ਜੇਕਰ ਵਿਅਕਤੀ ਜਹਾਜ਼ ਰਾਹੀਂ ਪਹੁੰਚਦੇ ਹਨ ਤਾਂ ਉਨ੍ਹਾਂ ਨੂੰ ਸਰਕਾਰ ਵਲੋਂ ਪ੍ਰਵਾਣਤ ਹੋਟਲ ਵਿਚ ਤਿੰਨ ਦਿਨ ਰਹਿਣਾ ਪੈਂਦਾ ਹੈ ਅਤੇ ਉਨ੍ਹਾਂ ਦੇ ਪਹੁੰਚਣ 'ਤੇ ਲਏ ਗਏ ਟੈਸਟ ਦੀ ਉਡੀਕ ਕਰਨੀ ਪੈਂਦੀ ਹੈ। ਇਸ ਗੱਲ ਦੀ ਜਾਣਕਾਰੀ ਨਹੀਂ ਕਿ ਰਵਾਨਾ ਹੋਣ ਤੋਂ ਤਿੰਨ ਦਿਨ ਪਹਿਲਾਂ ਟੈਸਟ ਦੀ ਨੈਗੇਟਿਵ ਰਿਪੋਰਟ ਵਾਲੇ ਯਾਤਰੀ ਰੋਗ ਤੋਂ ਗ੍ਰਸਤ ਹੋ ਕੇ ਵੈਨਕੂਵਰ ਪਹੁੰਚੇ ਹਨ ਪਰ ਸਿਹਤ ਅਧਿਕਾਰੀਆਂ ਨੇ ਕਿਹਾ ਕਿ ਉਹ ਟੈਸਟ ਪਿੱਛੋਂ ਵੀ ਵਾਇਰਸ ਦੇ ਸੰਪਰਕ ਵਿਚ ਆ ਸਕਦੇ ਹਨ। ਸਰਕਾਰ ਵਲੋ ਭਾਰਤ ਅਤੇ ਪਾਕਿਸਤਾਨ ਦੀਆਂ ਉਡਾਣਾ ਉਪਰ ਪਾਬੰਦੀ ਲਗਾਏ ਜਾਣ ਤੋ ਪਹਿਲਾਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਸੀ ਕਿ ਉਹ ਇਸ ਗੱਲ 'ਤੇ ਵਿਚਾਰ ਕਰ ਰਹੇ ਹਨ ਕਿ ਭਾਰਤ ਵਰਗੇ ਖ਼ਾਸ ਦੇਸ਼ਾਂ ਤੋਂ ਆ ਰਹੀਆਂ ਉਡਾਨਾਂ ਨੂੰ ਰੋਕ ਦਿੱਤਾ ਜਾਵੇ ਜਾਂ ਨਾ। ਉਨ੍ਹਾਂ ਕਿਹਾ ਕਿ ਅਸੀਂ ਹੋਰ ਸੋਚ ਵਿਚਾਰ ਕਰ ਰਹੇ ਹਾਂ ਅਤੇ ਉਨ੍ਹਾਂ ਨੇ ਆਪਣੇ ਅਧਿਕਾਰੀਆਂ ਨੂੰ ਇਸ 'ਤੇ ਧਿਆਨ ਨਾਲ ਗੌਰ ਕਰਨ ਲਈ ਕਿਹਾ ਹੈ, ਉਦਾਹਰਣ ਦੇ ਤੌਰ 'ਤੇ ਜਿਵੇਂ ਯੂਕੇ ਨੇ ਭਾਰਤ ਤੋਂ ਆਉਣ ਵਾਲੀਆਂ ਉਡਾਨਾਂ ਨੂੰ ਹਾਲ ਵਿਚ ਵਿਚ ਰੋਕ ਦਿੱਤਾ ਹੈ। ਦਸੰਬਰ ਵਿਚ ਕੈਨੇਡਾ ਨੇ ਕੋਵਿਡ-19 ਵੈਰੀਐਂਟ ਜਿਹੜਾ ਪਹਿਲੀ ਵਾਰ ਉਥੇ ਸਾਹਮਣੇ ਆਇਆ ਸੀ ਬਾਰੇ ਚਿੰਤਾ ਜ਼ਾਹਿਰ ਕਰਦਿਆਂ ਦੋ ਹਫ਼ਤਿਆਂ ਲਈ ਯੂਕੇ ਤੋਂ ਉਡਾਨਾਂ ਰੋਕ ਦਿੱਤੀਆਂ ਸਨ। ਯੂਕੇ ਭਾਰਤ ਨੂੰ ਦੇਸ਼ਾਂ ਦੀ ਰੈੱਡ ਸੂਚੀ ਵਿਚ ਸ਼ਾਮਿਲ ਕਰ ਰਿਹਾ ਹੈ ਜਿਹੜੀ ਆ ਰਹੀਆਂ ਉਡਾਨਾਂ 'ਤੇ ਰੋਕ ਲਾਉਂਦੀ ਹੈ। ਇਸ ਸੂਚੀ ਵਿਚ ਸ਼ਾਮਿਲ 40 ਦੇਸ਼ਾਂ ਵਿਚੋਂ ਸਿਰਫ ਬਰਤਾਨੀਵੀ ਨਾਗਰਿਕਾਂ ਨੂੰ ਆਉਣ ਦੀ ਇਜਾਜ਼ਤ ਹੈ ਅਤੇ ਉਨ੍ਹਾਂ ਨੂੰ 10 ਦਿਨ ਤਕ ਕੁਆਰਨਟੀਨ ਹੋਟਲਾਂ ਵਿਚ ਰਹਿਣਾ ਪਵੇਗਾ।

# ਸਰਕਾਰ ਦੇ ਸੋਸ਼ਲ ਪ੍ਰੋਗਰਾਮਾਂ 'ਤੇ ਖ਼ਰਚ ਕਾਰਨ ਸੂਬੇ ਦੇ 9.7 ਅਰਬ ਡਾਲਰ ਦੇ ਘਾਟੇ ਦਾ ਅਨੁਮਾਨ

[ਸਫ਼ਾ 3 ਦੀ ਬਾਕੀ]

ਬੀਸੀ ਸਰਕਾਰ ਦੇ ਪਹਿਲੇ ਬਜਟ ਵਿਚ ਮਾਨਸਿਕ ਸਿਹਤ ਅਤੇ ਨਸ਼ਾ ਸੇਵਾਵਾਂ, ਹਾਊਸਿੰਗ ਅਤੇ ਬਜੁਰਗਾਂ ਲਈ ਸਹਾਇਤਾ ਸਮੇਤ ਐਨਡੀਪੀ ਦੀ ਤਰਜੀਹਾਂ 'ਤੇ ਮਹੱਤਵਪੂਰਣ ਖਰਚ ਕਾਰਨ 9.7 ਅਰਬ ਡਾਲਰ ਦਾ ਘਾਟਾ ਰਹੇਗਾ। ਵਿੱਤ ਮੰਤਰੀ ਸੇਲੀਨਾ ਰੋਬਿਨਸਨ ਨੇ ਕੋਵਿਡ-19ਦੀ ਤੀਸਰੀ ਵੇਵ ਨਾਲ ਨਜਿੱਠਣ ਦੌਰਾਨ ਬੀਸੀ ਦੀ ਮਹਾਂਮਾਰੀ ਤੋਂ ਬਾਅਦ ਦੀ ਦੁਨੀਆ ਤੇ ਆਰਥਿਕ ਰਿਕਵਰੀ ਨੂੰ ਕਾਇਮ ਰੱਖਦੇ ਹੋਏ ਲੋਕਾਂ ਅਤੇ ਕਾਰੋਬਾਰਾਂ ਦੀ ਲਗਾਤਾਰ ਸਹਾਇਤਾ ਲਈ ਸੰਤੁਲਨ ਬਣਾਈ ਰੱਖਣ ਦਾ ਯਤਨ ਕੀਤਾ ਹੈ। ਪਰ ਆਲੋਚਕਾਂ ਨੇ ਪ੍ਰੋਵਿੰਸ਼ੀਅਲ ਸਿਕ ਲੀਵ ਪ੍ਰੋਗਰਾਮ, ਕੋਵਿਡ-19 ਨਾਲ ਸਬੰਧਤ ਸਿਹਤ ਪਾਬੰਦੀਆਂ ਨਾਲ ਪ੍ਰਭਾਵਤ ਹੋਏ ਛੋਟੇ ਕਾਰੋਬਾਰਾਂ ਦੀ ਹੋਰ ਸਹਾਇਤਾ ਕਰਨ ਅਤੇ ਓਵਰਡੋਜ਼ ਨਾਲ ਮੌਤਾਂ ਨੂੰ ਰੋਕਣ ਲਈ ਡਰੱਗ ਦੀ ਸੁਰੱਖਿਅਤ ਸਪਲਾਈ ਤਕ ਪਹੁੰਚ ਦੇ ਵਿਸਥਾਰ 'ਤੇ ਨਿਵੇਸ਼ ਕਰਨ ਲਈ ਨਾਕਾਮ ਰਹਿਣ ਬਦਲੇ ਸਰਕਾਰ ਦੀ ਆਲੋਚਨਾ ਕੀਤੀ ਹੈ। ਬਜਟ ਦੇ 64 ਅਰਬ ਡਾਲਰ ਦੇ ਖਰਚ ਨਾਲ 9.7 ਅਰਬ ਡਾਲਰ ਦਾ ਘਾਟਾ ਰਹੇਗਾ। ਸਰਕਾਰ ਨੇ ਕੋਈ ਵੱਡਾ ਟੈਕਸ ਨਹੀਂ ਲਾਇਆ ਪਰ ਇਸ ਨੇ ਸੰਘਰਸ਼ ਕਰ ਰਹੇ ਸੈਰਸਪਾਟਾ ਖੇਤਰ ਵਿਚ ਰੂਹ ਫੂਕਣ ਲਈ ਤਿੰਨ ਸਾਲਾਂ ਲਈ 120 ਮਿਲੀਅਨ ਡਾਲਰ ਰੱਖੇ ਹਨ। ਇਸ ਨੇ 12 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਮੁਫਤ ਟਰਾਂਜ਼ਿਟ ਦੇ ਚੋਣ ਵਾਅਦੇ ਨੂੰ ਵੀ ਲਾਗੂ ਕੀਤਾ ਜਿਸ ਲਈ ਕਰਦਾਤਾਵਾਂ ਨੂੰ 26 ਮਿਲੀਅਨ ਡਾਲਰ ਚੁਕਾਉਣੇ ਪੈਣਗੇ। ਕੈਨੇਡੀਅਨ ਸੈਂਟਰ ਫਾਰ ਪਾਲਿਸੀ ਆਲਟਰਨੇਟਿਵਸ ਦੇ ਬੀਸੀ ਦਫ਼ਤਰ ਵਿਖੇ ਸੀਨੀਅਰ ਅਰਥ ਸ਼ਾਸਤਰੀ ਇਗਲਿਕਾ ਇਵਾਨੋਵਾ ਨੇ ਕਿਹਾ ਕਿ ਮਹਾਂਮਾਰੀ ਵਲੋਂ ਪੈਦਾ ਕੀਤੇ ਬੇਮਿਸਾਲ ਸੰਕਟ ਨੂੰ ਧਿਆਨ ਵਿਚ ਰੱਖਦਿਆਂ ਐਨਡੀਪੀ ਸਰਕਾਰ ਹੈਰਾਨੀ ਜਨਕ ਤਰੀਕੇ ਨਾਲ ਜਿਉਂ ਦਾ ਤਿਉਂ ਬਜਟ ਲੈ ਕੇ ਆਈ ਹੈ। ਰੋਬਿਨਸਨ ਨੇ ਕਿਹਾ ਕਿ ਉਹ ਫੈਡਰਲ ਸਰਕਾਰ ਵਲੋਂ ਆਪਣੇ ਬਜਟ ਵਿਚ ਪੇਡ ਸਿਕ ਲੀਵ ਪ੍ਰੋਗਰਾਮ ਸ਼ਾਮਿਲ ਨਾ ਕਰਨ ਤੋਂ ਨਿਰਾਸ਼ ਹੋਈ ਹੈ ਪਰ ਉਨ੍ਹਾਂ ਇਸ ਬਾਰੇ ਕੋਈ ਗੱਲ ਨਹੀਂ ਕੀਤੀ ਕਿ ਬੀਸੀ ਨੇ ਆਪਣੇ ਪ੍ਰੋਗਰਾਮ ਲਈ ਫੰਡ ਕਿਉਂ ਨਹੀਂ ਰੱਖੇ। ਰੋਬਿਨਸਨ ਨੇ ਕਿਹਾ ਕਿ ਬਜਟ ਹੈਲਥ ਕੇਅਰ 'ਤੇ ਨਿਵੇਸ਼ ਕਰਨਾ ਮਹਾਂਮਾਰੀ ਅਤੇ ਭਵਿੱਖ ਦੀਆਂ ਚੁਣੌਤੀਆਂ ਲਈ ਸਾਡੀ ਤਿਆਰੀ ਦਾ ਹੁੰਗਾਰਾ ਹੈ। ਸਰਕਾਰ ਨਵੇਂ ਹੈਲਥ ਪ੍ਰੋਗਰਾਮ 'ਤੇ 2.6 ਅਰਬ ਡਾਲਰ ਖਰਚ ਕਰੇਗੀ ਜਿਸ ਵਿਚ 585 ਮਿਲੀਅਨ ਡਾਲਰ ਹੈਲਥ ਕੇਅਰ ਸਹਾਇਤਾ ਭੂਮਿਕਾ ਵਿਚ 3000 ਲੋਕਾਂ ਦੀ ਸਿਖਲਾਈ ਤੇ ਹਾਇਰ ਕਰਨ 'ਤੇ ਖਰਚੇ ਜਾਣਗੇ। ਬਜਟ ਵਿਚ 2021-2022 ਲਈ 3.25 ਅਰਬ ਡਾਲਰ ਦਾ ਮਹਾਂਮਾਰੀ ਸੰਕਟਕਲੀਨ ਫੰਡ ਵੀ ਸ਼ਾਮਿਲ ਕੀਤਾ ਗਿਆ ਹੈ। ਰੋਬਿਨਸਨ ਨੇ ਸਵੀਕਾਰ ਕੀਤਾ ਕਿ ਮਹਾਂਮਾਰੀ ਨੇ ਬ੍ਰਿਟਿਸ਼ ਕੋਲੰਬੀਆ ਵਾਸੀਆਂ ਦੇ ਮਾਨਸਿਕ ਸਿਹਤ ਨੂੰ ਕਾਫੀ ਨੁਕਸਾਨ ਪਹੁੰਚਾਇਆ ਹੈ। ਉਨ੍ਹਾਂ ਕਿਹਾ ਕਿ ਇਸੇ ਕਾਰਨ ਸਰਕਾਰ ਨੇ ਡਰੱਗ ਸੰਕਟ ਅਤੇ ਮਾਨਸਿਕ ਸਿਹਤ ਵਿਚ ਸੁਧਾਰ ਅਤੇ ਨਸ਼ਾ ਸੇਵਾਵਾਂ ਲਈ ਅਗਲੇ ਤਿੰਨ ਸਾਲ ਅੱਧੇ ਅਰਬ ਡਾਲਰ ਦਾ ਨਿਵੇਸ਼ ਕੀਤਾ ਹੈ। ਹਾਊਸਿੰਗ ਦੇ ਖੇਤਰ ਵਿਚ ਸਰਕਾਰ ਨੇ ਸਮੁੱਚੇ ਬੀਸੀ ਵਿਚ 114000 ਸਸਤੇ ਮਕਾਨਾਂ ਲਈ ਅਗਲੇ ਤਿੰਨ ਸਾਲਾ ਵਾਸਤੇ 80 ਮਿਲੀਅਨ ਡਾਲਰ ਰੱਖੇ ਹਨ। ਅਗਲੇ ਤਿੰਨ ਸਾਲਾਂ ਵਿਚ ਬੁਨਿਆਦੀ ਢਾਂਚਾ ਪ੍ਰਾਜੈਕਟਾਂ 'ਤੇ 26.4 ਅਰਬ ਡਾਲਰ ਖਰਚ ਕੀਤੇ ਜਾਣਗੇ। ਇਨ੍ਹਾਂ ਪ੍ਰਾਜੈਕਟਾਂ ਵਿਚ ਨਿਊ ਸਰੀ ਹਸਪਤਾਲ ਤੇ ਕੈਂਸਰ ਸੈਂਟਰ ਅਤੇ ਨਿਊ ਸੇਂਟ ਪੌਲਸ ਹਸਪਤਾਲ ਅਤੇ ਕੋਵਿਚਨ ਡਿਸਟ੍ਰਿਕਟ, ਡਾਵਸਨ ਕਰੀਕ ਅਤੇ ਡਿਸਟ੍ਰਿਕਟ, ਟੈਰੇਸ ਅਤੇ ਸਟੂਅਰਟ ਲੇਕ ਵਿਚ ਨਵੇਂ ਹਸਪਤਾਲ ਸ਼ਾਮਿਲ ਹਨ। ਇਕ ਦਿਨ ਦੇ 10 ਡਾਲਰ ਖਰਚ ਵਾਲੇ ਚਾਈਲਡ ਕੇਅਰ ਸੈਂਟਰਾਂ ਦੀ ਗਿਣਤੀ ਵਧਾਉਣ ਲਈ ਅਗਲੇ ਤਿੰਨ ਸਾਲਾਂ ਵਿਚ 111 ਮਿਲੀਅਨ ਡਾਲਰ ਖਰਚੇ ਜਾਣਗੇ।

# ਹੀਥਰੋ ਹਵਾਈ ਅੱਡੇ ਵੱਲੋਂ ਭਾਰਤੀ ਉਡਾਣਾਂ ਨੂੰ ਨਾਂਹ

ਲੰਡਨ-ਬਰਤਾਨੀਆ ਦੇ ਹੀਥਰੋ ਹਵਾਈ ਅੱਡੇ ਨੇ ਸ਼ੁੱਕਰਵਾਰ ਤੋਂ ਭਾਰਤ ਨੂੰ ਬ੍ਰਿਟੇਨ ਦੀ ਕੋਵਿਡ-19 ਯਾਤਰਾ 'ਲਾਲ ਸੂਚੀ' ਵਿੱਚ ਪਾਉਣ ਤੋਂ ਪਹਿਲਾਂ ਦੇਸ਼ ਤੋਂ ਹੋਰ ਹਵਾਈ ਉਡਾਣਾਂ ਨੂੰ ਪ੍ਰਵਾਨਗੀ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਯੂਕੇ ਦੇ ਸਭ ਤੋਂ ਵੱਡੇ ਅਤੇ ਰੁਝੇਵੇਂ ਵਾਲੇ ਹਵਾਈ ਅੱਡੇ, ਨੇ ਵੀਰਵਾਰ ਨੂੰ ਘੱਟੋ ਘੱਟ ਚਾਰ ਅੰਤਰਰਾਸ਼ਟਰੀ ਹਵਾਈ ਜਹਾਜ਼ਾਂ ਦੀਆਂ ਭਾਰਤ ਤੋਂ ਅੱਠ ਵਾਧੂ ਉਡਾਣਾਂ ਦੀ ਬੇਨਤੀ ਨੂੰ ਵੀ ਖਾਰਜ ਕਰ ਦਿੱਤਾ। ਸਿਹਤ ਸਕੱਤਰ ਮੈਟ ਹੈਨਕੌਕ ਨੇ ਸੰਸਦ ਮੈਂਬਰਾਂ ਨੂੰ ਦੱਸਿਆ ਕਿ ਇਹ ਫ਼ੈਸਲਾ ਕਰੋਨਾ ਅੰਕੜਿਆਂ ਦਾ ਅਧਿਐਨ ਕਰਨ ਤੋਂ ਬਾਅਦ ਅਤੇ ਸਾਵਧਾਨੀ ਦੇ ਅਧਾਰ 'ਤੇ ਲਿਆ ਗਿਆ ਹੈ। ਇਸ ਸੂਚੀ ਤਹਿਤ ਬ੍ਰਿਟਿਸ਼ ਜਾਂ ਆਇਰਲੈਂਡ ਦੇ ਵਾਸੀਆਂ ਤੋਂ ਬਿਨਾਂ ਹੋਰਨਾਂ ਦੇਸ਼ਾਂ ਦੇ ਵਾਸੀਆਂ ਦੇ ਇੰਗਲੈਂਡ ਵਿੱਚ ਆਉਣ 'ਤੇ ਮਨਾਹੀ ਹੈ। ਇਸ ਕਾਰਨ ਭਾਰਤੀ ਵਿਦਿਆਰਥੀ ਤੇ ਇੰਗਲੈਂਡ ਵਿੱਚ ਰਹਿਣ ਵਾਲੇ ਭਾਰਤੀ ਕਾਫ਼ੀ ਚਿੰਤਤ ਹਨ। ਮੌਜੂਦਾ ਦੌਰ ਵਿੱਚ ਭਾਰਤ ਅਤੇ ਇੰਗਲੈਂਡ ਵਿੱਚ ਇੱਕ ਹਫ਼ਤੇ ਵਿੱਚ 30 ਉਡਾਣਾਂ ਚਲ ਰਹੀਆਂ ਹਨ। ਹਵਾਈ ਅੱਡੇ ਦੇ ਅਧਿਕਾਰੀਆਂ ਵੱਲੋਂ ਕਿਹਾ ਗਿਆ ਹੈ ਕਿ ਉਹ ਜ਼ਿਆਦਾ ਯਾਤਰੀਆਂ ਨੂੰ ਸਫ਼ਰ ਦੀ ਪ੍ਰਵਾਨਗੀ ਦੇ ਕੇ ਸਰਹੱਦ 'ਤੇ ਕਿਸੇ ਤਰ੍ਹਾਂ ਦਾ ਦਬਾਅ ਨਹੀਂ ਵਧਾਉਣਾ ਚਾਹੁੰਦੇ। ਲਾਲ ਸੂਚੀ ਅਜਿਹੇ ਸਮੇਂ ਜਾਰੀ ਕੀਤੀ ਗਈ ਹੈ ਜਦੋਂ ਭਾਰਤ ਵਿੱਚ ਕਰੋਨਾਵਾਇਰਸ ਦੇ ਮਾਮਲੇ ਲਗਾਤਾਰ ਵਧ ਰਹੇ ਹਨ।

# ਸੁਪਰੀਮ ਕੋਰਟ ਵਲੋਂ ਭਾਰਤ ਵਿਚ ਕੋਵਿਡ ਕੌਮੀ ਐਮਰਜੈਂਸੀ ਕਰਾਰ

[ਸਫ਼ਾ 3 ਦੀ ਬਾਕੀ]

ਸਬੰਧੀ ਨਿਯਮਾਂ ਦਾ ਪਾਲਣ ਕੀਤਾ ਜਾਵੇ ਅਤੇ ਇਸ ਦੀ ਆਕਸੀਜਨ ਉਤਪਾਦਨ ਇਕਾਈ ਨੂੰ ਕੰਮ ਕਰਨ ਦੀ ਮਨਜ਼ੂਰੀ ਦਿੱਤੀ ਜਾਵੇਗੀ। ਅਸੀਂ ਆਕਸੀਜਨ ਪਲਾਂਟ ਚਲਾਉਣ ਦੇ ਮੁੱਦੇ 'ਤੇ ਹਾਂ।" ਵੀਡੀਓ ਕਾਨਫ਼ਰੰਸਿੰਗ ਰਾਹੀਂ ਮਾਮਲੇ ਦੀ ਸੁਣਵਾਈ ਕਰਦਿਆਂ ਬੈਂਚ ਨੇ ਕਿਹਾ, "ਇਸ ਵੇਲੇ ਦੇਸ਼ ਵਿਚ ਤਕਰੀਬਨ ਕੌਮੀ ਐਮਰਜੈਂਸੀ ਹੈ ਅਤੇ ਤੁਸੀਂ (ਤਾਮਿਲਨਾਡੂ) ਕਿਸੇ ਹੱਲ ਦੀ ਗੱਲ ਨਹੀਂ ਕਰਦੇ। ਅਸੀਂ ਇਸ (ਵੇਦਾਂਤਾ ਦੀ ਅਰਜ਼ੀ) 'ਤੇ ਸੁਣਵਾਈ ਕਰਾਂਗੇ।" ਸੌਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ, "ਦੇਸ਼ ਨੂੰ ਇਸ ਵੇਲੇ ਆਕਸੀਜਨ ਦੀ ਬਹੁਤ ਜ਼ਿਆਦਾ ਲੋੜ ਹੈ ਅਤੇ ਕੇਂਦਰ ਹਰੇਕ ਸਰੋਤ ਤੋਂ ਆਕਸੀਜਨ ਪ੍ਰਾਪਤ ਕਰ ਰਿਹਾ ਹੈ। ਵੇਦਾਂਤਾ ਆਪਣੇ ਪਲਾਂਟ ਦਾ ਕੰਮ ਸ਼ੁਰੂ ਕਰਨਾ ਚਾਹੁੰਦਾ ਹੈ, ਪਰ ਵੇਦਾਂਤਾ ਨੂੰ ਸਿਰਫ਼ ਸਿਹਤ ਕਾਰਨਾਂ ਕਰ ਕੇ ਆਕਸੀਜਨ ਦੇ ਉਤਪਾਦਨ ਲਈ ਇਸ ਦਾ ਪਲਾਂਟ ਚਲਾਉਣ ਦੀ ਮਨਜ਼ੂਰੀ ਦਿੱਤੀ ਜਾਵੇ। ਵਾਤਾਵਰਨ ਦੀ ਰੱਖਿਆ ਅਤੇ ਮਨੁੱਖੀ ਜ਼ਿੰਦਗੀ ਬਚਾਉਣ ਵਿਚੋਂ ਸਾਨੂੰ ਮਨੁੱਖੀ ਜ਼ਿੰਦਗੀ ਨੂੰ ਤਰਜੀਹ ਦੇਣੀ ਚਾਹੀਦੀ ਹੈ।"

## ਚੋਣ ਕਮਿਸ਼ਨ ਵਲੋਂ ਪੱਛਮੀ ਬੰਗਾਲ ਵਿਚ ਰੋਡ ਸ਼ੋਅਜ਼ ਤੇ ਰੈਲੀਆਂ ਉਪਰ ਰੋਕ

ਨਵੀਂ ਦਿੱਲੀ-ਚੋਣ ਕਮਿਸ਼ਨ ਨੇ ਪੱਛਮੀ ਬੰਗਾਲ ਵਿੱਚ ਚੋਣ ਪ੍ਰਚਾਰ ਦੌਰਾਨ ਕੋਵਿਡ ਸੁਰੱਖਿਆ ਨੇਮਾਂ ਦੀ ਹੋ ਰਹੀ ਉਲੰਘਣਾ ਦਾ ਨੋਟਿਸ ਲੈਂਦਿਆਂ ਸੂਬੇ ਵਿੱਚ ਰੋਡ ਸ਼ੋਅਜ਼, ਪਦ ਯਾਤਰਾ ਤੇ ਵਾਹਨ ਰੈਲੀਆਂ 'ਤੇ ਫੌਰੀ ਰੋਕ ਲਾ ਦਿੱਤੀ ਹੈ। ਕਮਿਸ਼ਨ ਨੇ ਸੱਜਰੇ ਹੁਕਮਾਂ ਵਿੱਚ ਸਾਫ਼ ਕਰ ਦਿੱਤਾ ਕਿ ਕਿਸੇ ਵੀ ਜਨਤਕ ਮੀਟਿੰਗ (ਰੈਲੀ) ਵਿੱਚ ਪੰਜ ਸੌ ਤੋਂ ਵਧ ਲੋਕਾਂ ਨੂੰ ਸ਼ਾਮਲ ਹੋਣ ਦੀ ਇਜਾਜ਼ਤ ਨਹੀਂ ਹੋਵੇਗੀ। ਕਮਿਸ਼ਨ ਨੇ ਕਿਹਾ ਕਿ ਉਸ ਦੇ ਧਿਆਨ ਵਿੱਚ ਆਇਆ ਹੈ ਕਿ ਕਈ ਸਿਆਸੀ ਪਾਰਟੀਆਂ ਤੇ ਉਮੀਦਵਾਰਾਂ ਵੱਲੋਂ ਰੈਲੀਆਂ ਦੌਰਾਨ ਸੁਰੱਖਿਆ ਨੇਮਾਂ ਦੀ ਪਾਲਣਾ ਨਹੀਂ ਕੀਤੀ ਜਾਂਦੀ।

## ਪ੍ਰਧਾਨ ਮੰਤਰੀ ਦੇ ਪ੍ਰੋਗਰਾਮ ਰੱਦ

ਨਵੀਂ ਦਿੱਲੀ- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੱਛਮੀ ਬੰਗਾਲ 'ਚ ਚੋਣ ਰੈਲੀਆਂ ਦੇ ਆਪਣੇ ਪ੍ਰੋਗਰਾਮ ਨੂੰ ਰੱਦ ਕਰ ਦਿੱਤਾ ਹੈ। ਸ੍ਰੀ ਮੋਦੀ ਹੁਣ ਰਾਜ ਦੇ ਵੋਟਰਾਂ ਨੂੰ ਵਰਚੁਅਲੀ ਸੰਬੋਧਨ ਕਰਨਗੇ। ਸ੍ਰੀ ਮੋਦੀ ਨੇ ਟਵੀਟ ਕੀਤਾ, 'ਭਲਕੇ ਕੋਵਿਡ-19 ਦੇ ਮੌਜੂਦਾ ਹਾਲਾਤ ਦੀ ਸਮੀਖਿਆ ਲਈ ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਨੀ ਹੈ। ਇਸ ਕਰਕੇ ਮੈਂ ਪੱਛਮੀ ਬੰਗਾਲ ਨਹੀਂ ਜਾਵਾਂਗਾ।' ਭਾਜਪਾ ਨੇ ਹਾਲਾਂਕਿ ਮਗਰੋਂ ਕਿਹਾ ਕਿ ਸ੍ਰੀ ਮੋਦੀ ਸ਼ੁੱਕਰਵਾਰ ਨੂੰ ਸ਼ਾਮ ਪੰਜ ਵਜੇ ਦੇ ਕਰੀਬ ਮਾਲਦਾ, ਮੁਰਸ਼ਿਦਾਬਾਦ, ਬੀਰਭੂਮ ਤੇ ਕੋਲਕਾਤਾ ਦੇ ਵੋਟਰਾਂ ਨੂੰ ਵਰਚੁਅਲੀ ਸੰਬੋਧਨ ਕਰਨਗੇ। ਉਂਜ ਸ੍ਰੀ ਮੋਦੀ ਦਾ ਅਗਲੇ ਦੋ ਦਿਨਾਂ ਦੌਰਾਨ ਚਾਰ ਜ਼ਿਲ੍ਹਿਆਂ ਤੇ 56 ਅਸੈਂਬਲੀ ਹਲਕਿਆਂ ਵਿੱਚ ਚਾਰ ਜਨਤਕ ਰੈਲੀਆਂ ਨੂੰ ਸੰਬੋਧਨ ਕਰਨ ਦਾ ਪ੍ਰੋਗਰਾਮ ਸੀ।

# ਅਲਬਰਟਾ ਅਤੇ ਓਨਟਾਰੀਓ ਨੇ ਐਸਟਰਾਜ਼ੇਨਕਾ ਟੀਕਾ....

[ਸਫ਼ਾ 3 ਦੀ ਬਾਕੀ]

ਥੱਕੇ ਬਣਨ ਦੇ ਖ਼ਤਰੇ ਕਾਰਨ ਐਸਟਰਾਜ਼ੇਨਕਾ ਟੀਕਾ ਸਿਰਫ 55 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਨੂੰ ਲਗਾਉਣ ਲਈ ਕੌਮੀ ਸਲਾਹਕਾਰ ਕਮੇਟੀ ਦੀ ਸਿਫਾਰਸ਼ 'ਤੇ ਅੜੇ ਹੋਏ ਸਨ ਪਰ ਲੋਕਾਂ ਦੇ ਹਸਪਤਾਲਾਂ ਵਿਚ ਦਾਖਲ ਹੋਣ ਦੀ ਗਿਣਤੀ ਬੇਮਿਸਾਲ ਪੱਧਰ 'ਤੇ ਪਹੁੰਚਣ ਪਿੱਛੋਂ ਦੋਵਾਂ ਸੂਬਿਆਂ ਦੀਆਂ ਸਰਕਾਰਾਂ ਨੇ ਯੋਗਤਾ ਦੇ ਵਿਸਤਾਰ ਦੀਆਂ ਯੋਜਨਾਵਾਂ ਦਾ ਐਲਾਨ ਕੀਤਾ ਹੈ। ਅਲਬਰਟਾ ਦੇ ਪ੍ਰੀਮੀਅਰ ਜੈਸਨ ਕੈਨੀ ਨੇ ਐਤਵਾਰ ਟਵੀਟ ਕਰਕੇ ਦੱਸਿਆ ਕਿ ਅਲਬਰਟਾ ਐਸਟਰਾਜ਼ੇਨਕਾ ਕੋਵਿਡ-ਟੀਕਾ ਲਗਵਾਉਣ ਦੀ ਘੱਟੋ ਘੱਟ ਉਮਰ 55 ਤੋਂ ਘਟਾ ਕੇ 40 ਕਰ ਰਿਹਾ ਹੈ। ਇਹ ਫ਼ੈਸਲਾ ਟੀਕੇ ਬਾਰੇ ਵਿਗਿਆਨਕ ਜਾਣਕਾਰੀ ਵਧਣ ਦੇ ਆਧਾਰ 'ਤੇ ਲਿਆ ਗਿਆ ਹੈ। ਇਸ ਤੋਂ ਕੁਝ ਘੰਟੇ ਪਹਿਲਾਂ ਓਨਟਾਰੀਓ ਦੇ ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਨੇ ਇਸੇ ਤਰ੍ਹਾਂ ਦਾ ਐਲਾਨ ਕੀਤਾ। ਬੁਲਾਰਨ ਅਲੈਗਜ਼ੈਂਡਰ ਹਿਕੇਨ ਨੇ ਇਕ ਈਮੇਲ ਵਿਚ ਕਿਹਾ ਕਿ ਮੌਜੂਦਾ ਸਪਲਾਈ ਦੇ ਆਧਾਰ 'ਤੇ ਓਨਟਾਰੀਓ ਸੂਬੇ ਭਰ ਵਿਚ 40 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਨੂੰ ਫਾਰਮੇਸੀ ਤੇ ਪ੍ਰਾਇਮਰੀ ਕੇਅਰ ਸੈਟਿੰਗਸ ਵਿਖੇ ਐਸਟਰਾਜ਼ੇਨਕਾ ਕੋਵਿਡ-19 ਟੀਕੇ ਦੀ ਪੇਸ਼ਕਸ਼ ਸ਼ੁਰੂ ਕਰੇਗਾ।










# ਗੁਰਦੁਆਰਾ ਸ੍ਰੀ ਮੀਰੀ ਪੀਰੀ ਸਾਹਿਬ ਤਰਨਤਾਰਨ ਵਿਖੇ 322ਵਾਂ ਖਾਲਸਾ ਸਾਜਨਾ ਦਿਵਸ ਮਨਾਇਆ ਗਿਆ

ਤਰਨਤਾਰਨ (ਰਾਜ-ਤਾਜ ਰੰਧਾਵਾ)-ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਵਸਾਈ ਪਵਿੱਤਰ ਨਗਰੀ ਤਰਨਤਾਰਨ 'ਚ ਜੰਡਿਆਲਾ ਰੋਡ @ਤੇ ਸਥਿੱਤ ਗੰਗਾ ਸਿੰਘ ਨਗਰ ਵਿਖੇ ਗੁ: ਸ੍ਰੀ ਮੀਰੀ ਪੀਰੀ ਸਾਹਿਬ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਵਾਲ ਵੀ 322ਵੇਂ ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੇ ਦਿਹਾੜੇ ਨੂੰ ਸੰਗਤਾਂ ਵਲੋਂ ਬਹੁਤ ਹੀ ਸ਼ਰਧਾ ਤੇ ਭਾਵਨਾ ਨਾਲ ਮਨਾਇਆ ਗਿਆ । 16 ਅਪ੍ਰੈਲ ਨੂੰ ਗੁ: ਸਾਹਿਬ ਵਿਖੇ ਰੱਖੇ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਸਾਹਿਬ ਦੇ ਭੋਗ 18 ਅਪ੍ਰੈਲ ਨੂੰ ਪਾਏ ਗਏ । ਭੋਗ ਉਪਰੰਤ ਗੁਰੂ ਘਰ ਦੇ ਕੀਰਤਨੀਆਂ ਰੱਬੀ ਬਾਣੀ ਦਾ ਮਨੋਹਰ ਕੀਰਤਨ ਕੀਤਾ, ਪ੍ਰਚਾਰਕਾਂ ਅਤੇ ਮਹਾਂਪੁਰਸ਼ਾਂ ਨੇ ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੇ ਇਤਿਹਾਸ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ । ਗੁ: ਸਾਹਿਬ ਵਿਖੇ ਸੰਗਤਾਂ ਵਲੋਂ ਸਾਰਾ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਇਸ ਇਤਿਹਾਸਕ ਦਿਹਾੜੇ 'ਤੇ ਗੁ: ਸਾਹਿਬ ਦੇ ਪਰਧਾਨ ਜਸਵਿੰਦਰ ਸਿੰਘ ਮੱਲ੍ਹੀ ਨੇ ਜਿੱਥੇ ਹਾਜਰੀਆਂ ਭਰਨ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਓਥੇ ਬਾਬਾ ਸੁਖਦੇਵ ਸਿੰਘ ਜੀ ਹੰਸਲੀ ਸਾਹਿਬ ਤਰਨਤਾਰਨ ਵਾਲਿਆਂ, ਪ੍ਰੋਫੈਸਰ ਬਾਬਾ ਨਿਰਮਲ ਸਿੰਘ ਰੰਧਾਵਾ 'ਵੰਸ਼ਜ ਬਾਬਾ ਬੁੱਢਾ ਸਾਹਿਬ ਜੀ' ਗੁਰੂ ਕੀ ਵਡਾਲੀ-ਛੇਹਰਟਾ ਵਾਲਿਆਂ ਅਤੇ ਗੁਰੂ ਘਰ ਦੀਆਂ ਵੱਖ ਵੱਖ ਸੇਵਾਵਾਂ ਕਰਨ ਵਾਲੇ ਸੇਵਾਦਾਰਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ।

# ਬ੍ਰਿਟਿਸ਼ ਕੋਲੰਬੀਆ ਵਿਚ ਪਾਰਕਾਂ ਦੇ ਵਿਕਾਸ ਲਈ 83 ਮਿਲੀਅਨ ਡਾਲਰ ਖਰਚ ਕੀਤੇ ਜਾਣਗੇ

ਸਰੀ (ਹਰਦਮ ਮਾਨ)-ਬ੍ਰਿਟਿਸ਼ ਕੋਲੰਬੀਆ ਦੇ ਪਾਰਕਾਂ ਵਿਚ ਅਗਲੇ ਤਿੰਨ ਸਾਲਾਂ ਦੌਰਾਨ ਨਵੀਆਂ ਕੈਂਪਸਾਈਟਾਂ ਦਾ ਵਿਕਾਸ ਕਰਨ, ਇਨ੍ਹਾਂ ਲਈ ਰਸਤੇ ਅਤੇ ਪਹੁੰਚ ਯੋਗਤਾ ਵਧਾਉਣ ਹਿਤ 83 ਮਿਲੀਅਨ ਡਾਲਰ ਖਰਚ ਕੀਤੇ ਜਾਣਗੇ। ਬੀ.ਸੀ. ਦੇ ਵਾਤਾਵਰਣ ਮੰਤਰੀ ਜਾਰਜ ਹੇਮਨ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਇਸ ਨਾਲ ਪਾਰਕਾਂ ਦੇ ਪੂੰਜੀਗਤ ਬਜਟ ਵਿਚ 57 ਫ਼ੀਸਦੀ ਅਤੇ ਕਾਰਜਕਾਰੀ ਬਜਟ ਵਿਚ ਹਰ ਸਾਲ ਔਸਤਨ 22 ਫ਼ੀਸਦੀ ਦਾ ਵਾਧਾ ਹੋਵੇਗਾ। ਉਨ੍ਹਾਂ ਕਿਹਾ ਕਿ ਮਹਾਂਮਾਰੀ ਦੌਰਾਨ ਸੂਬੇ ਵਿਚ ਪਾਰਕ ਲੋਕਾਂ ਲਈ ਸਭ ਤੋਂ ਮਹੱਤਵਪੂਰਨ ਸਥਾਨ ਬਣ ਗਏ ਹਨ, ਲੋਕ ਕੁਦਰਤ ਨਾਲ ਜੁੜ ਕੇ ਅਤੇ ਦੋਸਤਾਂ, ਪਰਿਵਾਰਾਂ ਨਾਲ ਮਿਲ ਕੇ ਪਾਰਕਾਂ ਵਿਚ ਸੁਰੱਖਿਅਤ ਮਹਿਸੂਸ ਕਰਦੇ ਹਨ। ਇਸੇ ਕਰਕੇ ਹੀ ਬੀ.ਸੀ. ਲਈ ਕੈਂਪ ਸਾਈਟ ਬੁਕਿੰਗ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਸੂਬੇ ਵਿਚ ਲਗਭਗ 185 ਕੈਂਪਿੰਗ ਸਾਈਟਾਂ ਨੂੰ ਜੋੜਨ ਦੀ ਉਮੀਦ ਹੈ। ਇਸ ਸਾਲ ਜੁਲਾਈ ਵਿਚ ਇਕ ਨਵਾਂ ਪੂਰੀਆਂ ਸਹੂਲਤਾਂ ਵਾਲਾ 90ਸਾਈਟ ਕੈਂਪ ਗਰਾਉਂਡ ਖੁੱਲ੍ਹਣ ਵਾਲਾ ਹੈ। ਇਹ ਬੀ.ਸੀ. ਵਿਚ ਆਪਣੀ ਕਿਸਮ ਦਾ ਪਹਿਲਾ ਪਾਰਕ ਪ੍ਰੋਜੈਕਟ ਹੈ, ਜਿਸ ਵਿਚ ਪਾਣੀ, ਸੀਵਰੇਜ ਅਤੇ ਇਲੈਕਟ੍ਰੀਕਲ ਆਦਿ ਸਾਰੀਆਂ ਸੇਵਾਵਾਂ ਉਪਲਬਧ ਹੋਣਗੀਆਂ। ਜ਼ਿਕਰਯੋਗ ਹੈ ਕਿ ਬੀ.ਸੀ. ਦੇ ਸੂਬਾਈ ਪਾਰਕਾਂ ਵਿਚ



ਹਰ ਸਾਲ 23 ਮਿਲੀਅਨ ਤੋਂ ਵੱਧ ਲੋਕ ਆਉਂਦੇ ਹਨ। ਬ੍ਰਿਟਿਸ਼ ਕੋਲੰਬੀਆ, ਉੱਤਰੀ ਅਮਰੀਕਾ ਦੇ ਸਭ ਤੋਂ ਵੱਡੇ ਪਾਰਕ ਖੇਤਰਾਂ ਵਿਚੋਂ ਇਕ ਹੈ ਜਿਸ ਵਿਚ 1000 ਤੋਂ ਵੱਧ ਪ੍ਰੋਵਿੰਸ਼ੀਅਲ ਪਾਰਕ, ਮਨੋਰੰਜਨ ਦੇ ਖੇਤਰ, ਸੁਵਿਧਾਜਨਕ ਵਾਤਾਵਰਣ ਭੰਡਾਰ ਅਤੇ ਸੁਰੱਖਿਅਤ ਖੇਤਰ ਹਨ ਅਤੇ ਇਹ ਸੂਬਾਈ ਲੈਂਡ ਬੇਸ ਦੇ ਲਗਭਗ 14.4% ਹਿੱਸੇ ਨੂੰ ਕਵਰ ਕਰਦੇ ਹਨ।

# ਰਿਸ਼ਵਤ ਸੀ, ਰਿਸ਼ਵਤ ਹੈ ਅਤੇ ਇਹ ਹਮੇਸ਼ਾਂ ਰਹੇਗੀ- ਠਾਕੁਰ ਦਲੀਪ ਸਿੰਘ

ਸਰੀ (ਹਰਦਮ ਮਾਨ)-ਨਾਮਧਾਰੀ ਸੰਪਰਦਾ ਦੇ ਮੁਖੀ ਠਾਕੁਰ ਦਲੀਪ ਸਿੰਘ ਨੇ ਰਿਸ਼ਵਤ ਨੂੰ ਨਵੇਂ ਅਰਥ



ਪ੍ਰਦਾਨ ਕਰਦਿਆਂ ਇਸ ਨੂੰ ਜੀਵਨ ਦਾ ਅਨਿੱਖੜਵਾਂ ਅੰਗ ਦੱਸਿਆ ਹੈ। ਉਨ੍ਹਾਂ ਕਿਹਾ ਹੈ ਕਿ ਰਿਸ਼ਵਤ ਸੀ,ਰਿਸ਼ਵਤ ਹੈ ਅਤੇ ਇਹ ਹਮੇਸ਼ਾਂ ਰਹੇਗੀ। ਉਨ੍ਹਾਂ ਕਿਹਾ ਕਿ ਰਿਸ਼ਵਤ ਇਕ ਇਹੋ ਜਿਹਾ ਸ਼ਬਦ ਹੈ ਜਿਸ ਨੂੰ ਸਮਾਜ ਹਰ ਸਮੇਂ ਭੰਡਦਾ ਰਹਿੰਦਾ ਹੈਂ ਅਤੇ ਮਾੜਾ ਕਹਿੰਦਾ ਹੈਂ ਪਰ ਰਿਸ਼ਵਤ ਦੀ ਅਟੱਲ ਸੱਚਾਈ ਨੂੰ ਪਰਵਾਨ ਨਹੀਂ ਕਰਦਾ ਕਿ ਰਿਸ਼ਵਤ ਬਿਨਾ ਇਸ ਜ਼ਿੰਦਗੀ ਦੇ ਕਈ ਕੰਮ ਪੂਰੇ ਨਹੀਂ ਹੁੰਦੇ। ਠਾਕੁਰ ਦਲੀਪ ਸਿੰਘ ਨੇ ਕਿਹਾ ਕਿ ਰਿਸ਼ਵਤ ਲੈਣੀ - ਦੇਣੀ ਮਨੁੱਖੀ ਜੀਵਨ ਦਾ ਅੰਗ ਹੈ । ਜਦੋਂ ਤੋਂ ਸੰਸਾਰ ਬਣਿਆ ਹੈ, ਉਦੋਂ ਤੋਂ ਹੀ ਕਿਸੇ ਨਾ ਕਿਸੇ ਰੂਪ ਵਿਚ ਰਿਸ਼ਵਤ ਹਰ ਦੇਸ਼ ਅਤੇ ਸਮਾਜ ਵਿੱਚ ਰਹੀ ਹੈ। ਇਸਦੇ ਢੰਗ ਵੱਖੋ - ਵੱਖਰੇ ਹਨ। ਇਹ ਕਦੀ ਵੀ ਸਮਾਪਤ ਨਹੀਂ ਹੋ ਸਕਦੀ ; ਘਟਾਈ - ਵਧਾਈ ਜਾ ਸਕਦੀ ਹੈ । ਉਨ੍ਹਾਂ ਕਿਹਾ ਕਿ 'ਸੁਚੱਜੇ' ਢੰਗ ਨਾਲ ਦਿੱਤੀ ਰਿਸ਼ਵਤ ਨੂੰ ਰਿਸ਼ਵਤ ਨਹੀਂ ਮੰਨਿਆ ਜਾਂਦਾ, ਜਿਵੇਂ : ਵਧੀਆ ਰੈਸਟੋਰੈਂਟ ਵਿੱਚ ਭੋਜਨ ਕਰਾ ਦੇਣਾ, ਤੋਹਫੇ ਦੇਣੇ, ਵਿਦੇਸ਼ਾਂ ਦੀ ਸੈਰ ਕਰਾਉਣੀ, ਇਲੈਕਸ਼ਨ ਵਿੱਚ ਚੋਣ ਫੰਡ ਪਾਰਟੀ ਨੂੰ ਦੇਣਾ ਆਦਿ ਪਰ ਇਹ ਸਭ ਵੀ ਤਾਂ ਰਿਸ਼ਵਤ ਹੀ ਹੈ।

# ਉੱਘੇ ਲੇਖਕ ਜਨਮੇਜਾ ਜੌਹਲ ਦੀ ਪਤਨੀ ਦਾ ਦੇਹਾਂਤ

ਲੁਧਿਆਣਾ-ਦੇਸ਼ ਦੇ ਉੱਘੇ ਅਰਥ-ਸਾਸ਼ਤਰੀ ਡਾ. ਸਰਦਾਰਾ ਸਿੰਘ ਜੌਹਲ ਦੀ ਨੂੰਹ ਅਤੇ ਉਘੇ ਲੇਖਕ ਤੇ ਫੋਟੋਕਾਰ ਜਨਮੇਜਾ ਸਿੰਘ ਜੌਹਲ ਦੀ ਪਤਨੀ ਨਰਿੰਦਰ ਕੌਰ ਜੌਹਲ ਦਾ ਅਚਾਨਕ ਦੇਹਾਂਤ ਹੋ ਗਿਆ। ਪੰਜਾਬੀ ਸਾਹਿਤ ਅਕਾਡਮੀ ਵੱਲੋਂ ਪ੍ਰਧਾਨ ਪ੍ਰੋ. ਰਵਿੰਦਰ ਸਿੰਘ ਭੱਠਲ ਅਤੇ ਜਨਰਲ ਸਕੱਤਰ ਡਾ. ਸੁਰਜੀਤ ਸਿੰਘ ਨੇ ਦੱਸਿਆ ਕਿ ਡਾ. ਨਰਿੰਦਰ ਕੌਰ ਜੌਹਲ ਰਾਮਗੜ੍ਹੀਆ ਸਕੂਲ ਲੁਧਿਆਣਾ ਤੋਂ ਸੇਵਾਮੁਕਤ ਹੋਏ ਸਨ।


Injured in an accident?

ICBC claim?

We can help.

Experienced and Professional staff are available for you. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ

- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

**We handle accident issues related to:**

- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



For a fair settlement for your claim, call **Mandeep Randhawa** today.

604-449-7500

RANDHAWA MINHAS LLP

PERSONAL INJURY LAWYERS

T 604-449-7500 F 604-449-7501

msr@randhawalaw.ca www.randhawalaw.ca

205-7134 King George Boulevard, Surrey, BC V3W 5A3

*We Can Help You Sell Your House!*

**Satvir Cheema**
**604-240-9148**



CENTURY 21 Coastal Realty Ltd.

#105-7928 128th St.,
Surrey, BC, V3W 4E8

satvir.cheema@century21.ca

PUNJAB LINK

# ਪੰਜਾਬ ਲਿੰਕ

ਸਨਿਚਰਵਾਰ, 24 ਅਪ੍ਰੈਲ,

ਰਿਅਲ ਅਸਟੇਟ | REAL ESTATE

www.punjablinkpaper.com 604-503-5465

*For All Your Real Estate Needs*

**Amrik Cheema**
*PREC
**604-369-7000**

CENTURY 21 Coastal Realty Ltd.

#105-7928 128th St.,
Surrey, BC, V3W 4E8



info@amrikcheema.com

## ਬੀ.ਸੀ. ਬਜਟ 2021 ਵਿਚ ਕਿਫਾਇਤੀ ਮਕਾਨਾਂ ਲਈ ਸਹਾਇਤਾ ਪਰ ਮਹਿੰਗੇ ਘਰਾਂ ਲਈ ਕੁਝ ਨਹੀਂ ਕੀਤਾ




ਵਿਕਟੋਰੀਆ-ਵਿੱਤ ਮੰਤਰੀ ਸੇਲੀਨਾ ਰੋਬਿਨਸਨ ਨੂੰ ਪੱਤਰਕਾਰਾਂ ਨੇ ਜਦੋਂ ਇਹ ਪੁੱਛਿਆ ਕਿ ਉਨ੍ਹਾਂ ਨੇ ਆਪਣੇ ਬਜਟ ਵਿਚ ਹੌਟ ਰੀਅਲ ਅਸਟੇਟ ਮਾਰਕੀਟ ਨੂੰ ਨਰਮ ਕਰਨ ਲਈ ਕੋਈ ਨਵਾਂ ਉਪਾਅ ਸ਼ਾਮਿਲ ਕਿਉਂ ਨਹੀਂ ਕੀਤਾ ਤਾਂ ਉਨ੍ਹਾਂ ਕਿਹਾ ਕਿ ਬੀਸੀ ਵਿਚ ਪਹਿਲਾਂ ਹੀ ਮੰਗ ਘਟ ਗਈ ਹੈ ਅਤੇ ਸੂਬਾ ਫੈਡਰਲ ਸਰਕਾਰ ਵਲੋਂ ਆਪਣੇ ਮੌਰਟਗੇਜ ਸਟਰੈਸ ਟੈਸਟ ਨੂੰ ਸਖਤ ਕਰਨ ਦੀ ਤਜਵੀਜ਼ ਰਾਹੀਂ ਸਮੱਸਿਆ ਦੇ ਹੱਲ ਵੱਲ ਦੇਖ ਰਹੀ ਹੈ। ਇਸੇ ਦੌਰਾਨ ਬਜਟ ਵਿਚ ਫਰੇਜ਼ਰ ਵੈਲੀ, ਨੌਰਥ ਵੈਨਕੂਵਰ, ਬਰਨਬੀ, ਕਲੋਂਵਨਾ, ਕੈਮਲੂਪਸ, ਪ੍ਰਿੰਸ ਜੌਰਜ ਅਤੇ ਸੇਚੇਲਟ ਵਿਚ 388 ਨਵੇਂ ਅਪਾਰਟਮੈਂਟ ਸ਼ੈਲਟਰ ਸਥਾਨਾਂ ਲਈ ਫੰਡ ਰੱਖੇ ਗਏ ਹਨ।

# ਫੈਡਰਲ ਸਰਕਾਰ ਵਲੋਂ ਹਾਊਸਿੰਗ ਖੇਤਰ ਵਿਚ ਦਖਲਅੰਦਾਜ਼ੀ ਦੀ ਯੋਜਨਾ



ਓਟਵਾ-ਫੈਡਰਲ ਲਿਬਰਲ ਸਰਕਾਰ ਬਹੁਤ ਘੱਟ ਵਰਤੀ ਜਾਂਦੀ ਰਿਹਾਇਸ਼ੀ ਰੀਅਲ ਅਸਟੇਟ ਦੇ ਵਿਦੇਸ਼ੀ ਮਾਲਕਾਂ 'ਤੇ ਨਵਾਂ ਟੈਕਸ ਲਾਉਣ ਤੇ ਰਹਿਣ ਲਈ ਕਿਫਾਇਤੀ ਮਕਾਨਾਂ ਦੀ ਸਪਲਾਈ ਵਧਾਉਣ ਵਾਸਤੇ ਵਾਧੂ ਯਤਨਾਂ ਨਾਲ ਰੈੱਡ ਹਾਊਸਿੰਗ ਮਾਰਕੀਟ ਵਿਚ ਦਖਲਅੰਦਾਜ਼ੀ ਕਰਨ ਦੀ ਯੋਜਨਾ ਬਣਾ ਰਹੀ ਹੈ। ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਸੋਮਵਾਰ ਪੇਸ਼ ਕੀਤੇ ਬਜਟ ਵਿਚ ਗੈਰ ਰਿਹਾਇਸ਼ੀ ਨਾਨ ਕੈਨੇਡੀਅਨ ਮਾਲਕੀ ਵਾਲੀਆਂ ਰੀਅਲ ਅਸਟੇਟ ਜਿਹੜੀਆਂ ਖਾਲੀ ਪਈਆਂ ਹਨ ਜਾਂ ਬਹੁਤ ਘੱਟ ਵਰਤੀਆਂ ਗਈਆਂ ਹਨ ਦੀ ਕੀਮਤ 'ਤੇ ਦੇਸ਼ਵਿਆਪੀ ਟੈਕਸ ਲਗਾਉਣ ਦੀ ਤਜਵੀਜ਼ ਪੇਸ਼ ਕੀਤੀ ਹੈ। ਜੇਕਰ ਇਹ ਪ੍ਰਸਤਾਵ ਪਾਸ ਹੋ ਗਿਆ ਤਾਂ ਇਕ ਜਨਵਰੀ 2022 ਤੋਂ ਇਕ ਫ਼ੀਸਦੀ ਸਾਲਾਨਾ ਟੈਕਸ ਲੱਗੇਗਾ। ਫਰੀਲੈਂਡ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਸ ਬਾਰੇ ਵਿਚਾਰ ਇਹ ਹੈ ਕਿ ਘਰ ਕੈਨੇਡੀਅਨਾਂ ਦੇ ਰਹਿਣ ਲਈ ਹਨ। ਉਹ ਵਿਦੇਸ਼ਾਂ ਵਿਚ ਪੈਸਾ ਰੱਖਣ ਲਈ ਜਾਇਦਾਦਾਂ ਨਹੀਂ। ਬਜਟ ਦਾ ਕਹਿਣਾ ਕਿ ਮਕਾਨ ਮਾਲਕਾਂ ਜਿਹੜੇ ਕੈਨੇਡੀਅਨ ਨਾਗਰਿਕ ਜਾਂ ਪੀਆਰ ਨਹੀਂ ਹਨ ਨੂੰ ਘੋਸ਼ਣਾ ਪੱਤਰ ਦਾਇਰ ਕਰਕੇ ਦੱਸਣਾ ਪਵੇਗਾ ਕਿ ਉਹ ਪ੍ਰਾਪਰਟੀ ਨੂੰ ਕਿਸ ਤਰ੍ਹਾਂ ਵਰਤ ਰਹੇ ਹਨ ਅਤੇ ਜੇਕਰ ਉਹ ਨਹੀਂ ਵਰਤਦੇ ਤਾਂ ਟੈਕਸ ਦੇ ਨਾਲ ਮੋਟਾ ਜ਼ੁਰਮਾਨਾ ਲੱਗੇਗਾ। ਦਸਤਾਵੇਜ਼ ਵਿਚ ਇਹ ਪੇਸ਼ੀਨਗੋਈ ਕੀਤੀ ਗਈ ਹੈ ਕਿ ਇਸ ਟੈਕਸ ਨਾਲ ਅਗਲੇ ਚਾਰ ਸਾਲ 700 ਮਿਲੀਅਨ ਡਾਲਰ ਰੈਵੀਨਿਊ ਵਧ ਜਾਵੇਗਾ।

**Offering Services For All Your Business and Real Estate Needs**

- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes

HUGHES & COMPANY
LAW CORPORATION



www.hughesco.com CEDRIC HUGHES
**604.602.1828**

*HEAD OFFICE:*
**VANCOUVER**
**505-777 W. BROADWAY**

SUNNY SANGHA • PERSONAL REAL ESTATE CORPORATION

**7676 144A STREET**





Welcome to Chimney Heights, East Newton's most desirable neighborhood. Over 4000 sqft home sits on a rectangular west facing 6000 sqft lot. Well kept by its owners, This bright home features 4 bedrooms on the main floor with 3 full bathrooms. The main floor features a spacious formal living room & Dining room, Family Room, an open kitchen as well as a bedroom to be used for your parents or as an office. The basement includes two mortgage helpers with one bedroom suite and a two-bedroom suite. Call now to book a private showing.

**1426 KENT**




Welcome to White Rock! The current home is rented for $2450 on a month-to-month basis. The building plans for a 6300 sqft plus garage home are in the city ready for permits in a month. The Seller has spent over $60,000 to have the plans ready and the property ready for permits. Buy now and start building.

**9853 HUCKLEBERRY DRIVE**




Welcome to Fraser Height's newest sub-division. This 4000 sqft lot is ready to build, the plans should be ready to pick up from the city in two weeks. The home will include 7 bedrooms 6 bathrooms with a media room and bar area for your own use downstairs. The total square footage for the home will be 3722 plus a garage. Call now to get more info.



Sunny Sangha
604-356-5555

SUNNY SANGHA
Personal Real Estate Corporation

CENTURY 21 Coastal Realty Ltd.

MLS MEDALLION CLUB MEMBER

Ram Johal
604-356-5555



www.sunnysangha.com | info@sunnysangha.com

# RIGHT LINK LOGISTICS LTD.

## WE ARE NOW HIRING DRIVERS AND OWNER OPERATORS FOR OUR DRY VAN LANES INTO USA.




## COMPANY DRIVERS AND OWNER OPERATORS

## TEAM OR SOLO

**U.S.A Routes: BC to CA, AZ, TX**

**BC to WA / WA to BC or AB**

**Canada Routes: BC / AB Canada Wide**

**Paid Picks and Drops**

**Extended Medical Benefits and Travel Insurance**

**Yard to Yard Work**

**Brand New Trucks & Trailers**

Right-Link Logistics Ltd

**Call: +1-604-857-4777 / 778-344-1964**

**Email: team@rightlink.ca**

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES & COMPANY
LAW CORPORATION
www.hughesco.com

**EXPERIENCE • INTEGRITY • RESULTS**

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community




★★★★★
**4.9 STAR**
Google
**REVIEW !**

Link!
hughesco.com
*for reviews*

# 604.602.1828

MAIN OFFICE: 505-777 W. BROADWAY, VANCOUVER
SURREY OFFICE: 7164, 120 ST, SURREY ***(BY APPOINTMENT PLEASE)***
Email: cedric_hughes@hughesco.com

***AND** Service provided at Business Centres throughout the Fraser Valley and British Columbia.*
***Remote Location? No Problem. We will come to you !***






# ਕੈਨੇਡਾ 'ਚ ਅੰਤਰਰਾਸ਼ਟਰੀ ਨਸ਼ਾ ਤਸਕਰੀ ਗ੍ਰੋਹ ਦਾ ਪਰਦਾਫਾਸ਼-33 ਵਿਅਕਤੀ ਗ੍ਰਿਫਤਾਰ

ਸਰੀ (ਹਰਦਮ ਮਾਨ)-ਟੋਰਾਂਟੋ ਖੇਤਰ ਵਿੱਚ ਪੁਲਿਸ ਨੇ ਪ੍ਰੌਜੈਕਟ ਚੀਤਾ ਅਧੀਨ ਕਾਰਵਾਈ ਕਰਦਿਆਂ ਇੱਕ ਵੱਡੇ ਅੰਤਰਰਾਸ਼ਟਰੀ ਨਸ਼ਾ ਤਸਕਰੀ ਗ੍ਰੋਹ ਦਾ ਪਰਦਾਫਾਸ਼ ਕੀਤਾ ਹੈ ਅਤੇ ਇਸ ਗ੍ਰੋਹ ਕੋਲੋਂ 48 ਹਥਿਆਰ, 730,000 ਡਾਲਰ ਕੈਨੇਡੀਅਨ ਕਰੰਸੀ ਅਤੇ 25 ਲੱਖ ਡਾਲਰ ਦੇ ਨਸ਼ੀਲੇ ਪਦਾਰਥ ਜ਼ਬਤ ਕੀਤੇ ਹਨ, ਜਿਨ੍ਹਾਂ ਵਿਚ 10 ਕਿੱਲੋ ਕੋਕੀਨ, 8 ਕਿੱਲੋ ਕੇਟਾਮਾਈਨ, 3 ਕਿੱਲੋ ਹੈਰੋਇਨ ਅਤੇ 2.5 ਕਿੱਲੋ ਅਫੀਮ ਸ਼ਾਮਲ ਹੈ। ਇਸ ਸਬੰਧ ਵਿਚ ਪੁਲਿਸ ਵੱਲੋਂ 8 ਅਪ੍ਰੈਲ ਨੂੰ ਓਨਟਾਰੀਓ, ਬੀ.ਸੀ. ਅਤੇ ਕੈਲੀਫੋਰਨੀਆ ਵਿਚ 50 ਤੋਂ ਵੱਧ ਸਰਚ ਵਾਰੰਟਾਂ ਉਪਰ ਕਾਰਵਾਈ ਕੀਤੀ ਗਈ ਸੀ। ਪੁਲਿਸ ਵੱਲੋਂ ਕੈਨੇਡਾ ਅਤੇ ਅਮਰੀਕਾ ਵਿੱਚ ਹੁਣ ਤੱਕ 33 ਵਿਅਕਤੀ ਗ੍ਰਿਫਤਾਰ ਕੀਤੇ ਗਏ ਹਨ। ਵੱਡੀ ਨਮੋਸ਼ੀ ਇਸ ਗੱਲ ਦੀ ਹੈ ਕਿ



ਗ੍ਰਿਫਤਾਰ ਕੀਤੇ ਇਨ੍ਹਾਂ ਲੋਕਾਂ ਵਿਚ ਵੱਡੀ ਗਿਣਤੀ ਵਿਚ ਪੰਜਾਬੀ ਸ਼ਾਮਲ ਹਨ। ਪੁਲਿਸ ਵੱਲੋਂ ਗ੍ਰਿਫਤਾਰ ਕੀਤੇ ਗ੍ਰੋਹ ਮੈਂਬਰਾਂ ਦੀ ਸੂਚੀ ਵਿਚ ਪਰਸ਼ੋਤਮ ਮੱਲ੍ਹੀ, ਰੁਪਿੰਦਰ ਢਿੱਲੋਂ, ਸਨਵੀਰ ਸਿੰਘ, ਹਰਪਾਲ ਨਾਗਰਾ, ਪ੍ਰਿਤਪਾਲ ਸਿੰਘ, ਹਰਕਿਰਨ ਸਿੰਘ, ਲਖਪ੍ਰੀਤ ਬਰਾੜ, ਸਰਬਜੀਤ ਸਿੰਘ, ਬਲਵਿੰਦਰ ਧਾਲੀਵਾਲ, ਰੁਪਿੰਦਰ ਧਾਲੀਵਾਲ, ਰਣਜੀਤ ਸਿੰਘ, ਸੁਖਮਨਪ੍ਰੀਤ ਸਿੰਘ, ਰੁਪਿੰਦਰ ਸ਼ਰਮਾ, ਪ੍ਰਭਸਿਮਰਨ ਕੌਰ, ਖੁਸ਼ਹਾਲ ਭਿੰਡਰ, ਪ੍ਰਭਜੀਤ ਮੁੰਡੀਆਂ, ਵੰਸ਼ ਅਰੋੜਾ, ਸਿਮਰਨਜੀਤ ਨਾਰੰਗ, ਹਰਜਿੰਦਰ ਝੱਜ, ਗਗਨਪ੍ਰੀਤ ਗਿੱਲ, ਸੁਖਜੀਤ ਧਾਲੀਵਾਲ, ਇਮਰਾਨ ਖਾਨ, ਹਰਜੋਤ ਸਿੰਘ, ਸੁਖਜੀਤ ਧੁੱਗਾ, ਹਾਸਮ ਸਈਅਦ ਦੇ ਨਾਂ ਸ਼ਾਮਲ ਹਨ ਅਤੇ ਗੁਰਬਿੰਦਰ ਸੂਚ ਅਜੇ ਭਗੌੜਾ ਹੈ। ਇਹ ਕਥਿਤ ਦੋਸ਼ੀ ਟੋਰਾਂਟੋ, ਬਰੈਂਪਟਨ, ਵਾਅਨ, ਕੈਲੇਡਨ ਆਦਿ ਸ਼ਹਿਰਾਂ ਦੇ ਵਾਸੀ ਹਨ।




## ਮਹਿਲਾ ਅਕਾਲੀ ਦਲ ਦੀ ਆਗੂ ਹੈਰੋਇਨ ਤਸਕਰੀ ਦੇ ਦੋਸ਼ ਹੇਠ ਗ੍ਰਿਫਤਾਰ

ਤਰਨ ਤਾਰਨ-ਐੱਸ ਟੀ ਐੱਫ ਲੁਧਿਆਣਾ ਰੇਂਜ ਦੀ ਟੀਮ ਵੱਲੋਂ ਤਰਨ ਤਾਰਨ ਤੋਂ ਨਸ਼ਾ ਤਸਕਰੀ ਦੇ ਦੋਸ਼ ਹੇਠ ਸ਼੍ਰੋਮਣੀ ਅਕਾਲੀ ਦਲ ਮਹਿਲਾ ਵਿੰਗ ਦੀ ਸਾਬਕਾ ਜਨਰਲ ਸਕੱਤਰ ਸਮੇਤ ਪੰਜ ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਨ੍ਹਾਂ ਕੋਲੋਂ 1.20 ਕਿਲੋ ਹੈਰੋਇਨ ਬਰਾਮਦ ਹੋਈ। ਅੰਤਰਰਾਸ਼ਟਰੀ ਬਾਜ਼ਾਰ ਵਿੱਚ ਇਸ ਦੀ ਕੀਮਤ ਪੰਜ ਕਰੋੜ ਰੁਪਏ ਬਣਦੀ ਹੈ। ਐੱਸਟੀਐੱਫ ਮੁਹਾਲੀ ਥਾਣੇ 'ਚ ਪੁਲੀਸ ਨੇ ਅਕਾਲੀ ਆਗੂ ਜਸਵਿੰਦਰ ਕੌਰ, ਪਿੰਡ ਭੈਲ ਢਾਈ ਵਾਸੀ ਮਨਜੀਤ ਸਿੰਘ, ਉਸ ਦੇ ਲੜਕੇ ਜਗਵੀਰ ਸਿੰਘ, ਗੁਰਪ੍ਰੀਤ ਸਿੰਘ ਅਤੇ ਉਸ ਦੀ ਪਤਨੀ ਮਨਦੀਪ ਕੌਰ ਖਿਲਾਫ਼ ਕੇਸ ਦਰਜ ਕੀਤਾ ਹੈ। ਜਾਣਕਾਰੀ ਅਨੁਸਾਰ ਜਸਵਿੰਦਰ ਕੌਰ ਦੀ ਪਿੰਡ ਵਿਚ ਕਾਫ਼ੀ ਪੈਂਠ ਸੀ, ਜਿਸ ਦਾ ਫਾਇਦਾ ਚੁੱਕਦਿਆਂ ਉਹ ਨਸ਼ਾ ਤਸਕਰੀ ਦੇ ਧੰਦੇ ਨਾਲ ਜੁੜੀ ਹੋਈ ਸੀ। ਆਈ ਜੀ ਸਨੇਹਦੀਪ ਸ਼ਰਮਾ ਨੇ ਦੱਸਿਆ ਕਿ ਪਿੰਡ ਦਿਲਾਵਰਪੁਰ 'ਚ ਲਾਏ ਨਾਕੇ ਦੌਰਾਨ ਹਰਬੰਸ ਸਿੰਘ ਨੂੰ ਮੁਲਜ਼ਮਾਂ ਦੇ ਹੈਰੋਇਨ ਸਪਲਾਈ ਕਰਨ ਜਾਣ ਦੀ ਸੂਚਨਾ ਮਿਲੀ। ਸੂਚਨਾ ਦੇ ਆਧਾਰ 'ਤੇ ਜਦੋਂ ਉਨ੍ਹਾਂ ਇੱਕ ਕਾਰ ਰੋਕ ਕੇ ਤਾਲਾਸ਼ੀ ਲਈ ਤਾਂ ਉਸ ਵਿਚੋਂ 1.10 ਕਿੱਲੋ ਹੈਰੋਇਨ ਬਰਾਮਦ ਹੋਈ। ਕਾਰ 'ਚ ਬੈਠੇ ਮਨਜੀਤ, ਜਗਵੀਰ, ਗੁਰਪ੍ਰੀਤ ਤੇ ਮਨਦੀਪ ਨੇ ਦੱਸਿਆ ਕਿ ਉਨ੍ਹਾਂ ਹੈਰੋਇਨ ਜਸਵਿੰਦਰ ਕੋਲੋਂ ਲਿਆਂਦੀ ਹੈ। ਇਸ ਮਗਰੋਂ ਜਸਵਿੰਦਰ ਦੇ ਘਰ ਛਾਪਾ ਮਾਰ ਕੇ ਉਸ ਨੂੰ 10 ਗ੍ਰਾਮ ਹੈਰੋਇਨ ਤੇ 70 ਹਜ਼ਾਰ ਰੁਪਏ ਸਣੇ ਗ੍ਰਿਫ਼ਤਾਰ ਕਰ ਲਿਆ ਗਿਆ।

## ਕਰੋਨਾ ਕਾਰਣ 400 ਸਾਲਾ ਪ੍ਰਕਾਸ਼ ਪੁਰਬ ਦੇ ਸਮਾਗਮ ਸੰਖੇਪ ਕੀਤੇ

ਅੰਮ੍ਰਿਤਸਰ-ਕਰੋਨਾ ਦੇ ਮੁੜ ਵਧ ਰਹੇ ਪ੍ਰਭਾਵ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਨੇ ਗੁਰੂ ਤੇਗ ਬਹਾਦਰ ਸਾਹਿਬ ਦੇ 400 ਸਾਲਾ ਪ੍ਰਕਾਸ਼ ਪੁਰਬ ਮੌਕੇ ਕਰਵਾਏ ਜਾਣ ਵਾਲੇ ਸਮਾਗਮਾਂ ਨੂੰ ਸੰਖੇਪ ਕਰ ਦਿੱਤਾ ਹੈ। ਇਨ੍ਹਾਂ ਵਿਚ ਹੁਣ ਸੰਗਤ ਦੀ ਵੱਡੀ ਸ਼ਮੂਲੀਅਤ ਨਹੀਂ ਹੋਵੇਗੀ। ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਦੱਸਿਆ ਕਿ 400 ਸਾਲਾ ਪ੍ਰਕਾਸ਼ ਪੁਰਬ ਸਮਾਗਮ ਭਾਈ ਗੁਰਦਾਸ ਜੀ ਨਗਰ, ਨਿਊ ਅੰਮ੍ਰਿਤਸਰ ਵਿੱਚ ਮਨਾਉਣ ਦਾ ਪ੍ਰੋਗਰਾਮ ਉਲੀਕਿਆ ਗਿਆ ਸੀ ਪਰ ਕਰੋਨਾ ਦੇ ਮੁੜ ਵਧ ਰਹੇ ਪ੍ਰਭਾਵ ਕਾਰਨ ਸਮਾਗਮ ਹੁਣ ਹਰਿਮੰਦਰ ਸਾਹਿਬ ਸਮੂਹ ਸਥਿਤ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਚ ਹੀ ਕੀਤੇ ਜਾਣਗੇ। ਇਹ ਫ਼ੈਸਲਾ ਸਰਕਾਰੀ ਅਧਿਕਾਰੀਆਂ ਨਾਲ ਗੱਲਬਾਤ ਮਗਰੋਂ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਸ਼ਤਾਬਦੀ ਸਮਾਗਮਾਂ ਪ੍ਰਤੀ ਸੰਗਤ ਵਿਚ ਭਾਰੀ ਉਤਸ਼ਾਹ ਸੀ ਪਰ ਕਰੋਨਾ ਕਾਰਨ ਸੰਗਤ ਦਾ ਵੱਡਾ ਇਕੱਠ ਨਹੀਂ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਗੁਰੂ ਸਾਹਿਬ ਦੇ ਪ੍ਰਕਾਸ਼ ਅਸਥਾਨ ਗੁਰਦੁਆਰਾ ਗੁਰੂ ਕੇ ਮਹਿਲ ਵਿਖੇ ਇਸ ਸਬੰਧੀ ਸਮਾਗਮ ਨਿਰੰਤਰ ਜਾਰੀ ਹਨ। ਇਸੇ ਦੌਰਾਨ ਉਨ੍ਹਾਂ ਮੁਕੇਰੀਆਂ ਦੇ ਪਿੰਡ ਪੰਡੋਰੀ ਵਿੱਚ ਭਗਤ ਰਵਿਦਾਸ ਜੀ ਦੇ ਅਸਥਾਨ 'ਚ ਵਾਪਰੀ ਘਟਨਾ ਦੀ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਉੱਥੇ ਸਥਾਪਿਤ ਫੋਟੋਆਂ ਅਤੇ ਹੋਰ ਸਾਮਾਨ ਧੱਕੇ ਨਾਲ ਚੁੱਕਣ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਸ਼੍ਰੋਮਣੀ ਕਮੇਟੀ ਨੇ ਚਾਟੀਵਿੰਡ ਗੇਟ ਸਥਿਤ ਗੁਰੂ ਰਾਮਦਾਸ ਹਸਪਤਾਲ ਕਰੋਨਾ ਮਰੀਜ਼ਾਂ ਲਈ ਸਮਰਪਿਤ ਕਰ ਦਿੱਤਾ ਹੈ। ਇਥੇ ਹੁਣ ਕਰੋਨਾ ਮਰੀਜ਼ਾਂ ਲਈ 40 ਦੀ ਥਾਂ 100 ਬੈੱਡਾਂ ਦਾ ਪ੍ਰਬੰਧ ਕੀਤਾ ਗਿਆ ਹੈ। ਕਮੇਟੀ ਪ੍ਰਧਾਨ ਨੇ ਦੱਸਿਆ ਕਿ ਸਿੱਖ ਸੰਸਥਾ ਵੱਲੋਂ ਗੁਰੂ ਰਾਮਦਾਸ ਮੈਡੀਕਲ ਕਾਲਜ ਵੱਲ੍ਹਾ, ਗੁਰੂ ਰਾਮਦਾਸ ਹਸਪਤਾਲ ਨੇੜੇ ਚਾਟੀਵਿੰਡ ਗੇਟ, ਬਾਬਾ ਬੁੱਢਾ ਜੀ ਹਸਪਤਾਲ ਬੀੜ ਸਾਹਿਬ ਅਤੇ ਫੁਹਾਰਾ ਚੌਕ ਅੰਮ੍ਰਿਤਸਰ ਵਿੱਚ ਟੀਕਾਕਰਨ ਦਾ ਮੁਫ਼ਤ ਪ੍ਰਬੰਧ ਕੀਤਾ ਗਿਆ ਹੈ। ਅੰਤ ਵਿੱਚ ਬੀਬੀ ਜਗੀਰ ਕੌਰ, ਸੀਨੀਅਰ ਮੀਤ ਪ੍ਰਧਾਨ ਸੁਰਜੀਤ ਸਿੰਘ ਭਿੱਟੇਵਡ, ਬਾਬਾ ਬੂਟਾ ਸਿੰਘ ਤੇ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਨੇ ਸ਼੍ਰੋਮਣੀ ਕਮੇਟੀ ਮੈਂਬਰ ਗੁਰਪ੍ਰੀਤ ਸਿੰਘ ਝੱਬਰ ਦੀ ਮਾਤਾ ਬੀਬੀ ਜਰਨੈਲ ਕੌਰ ਦੇ ਦੇਹਾਂਤ 'ਤੇ ਦੁੱਖ ਸਾਂਝਾ ਕੀਤਾ।

## ਜੌਰਜ ਫਲੌਇਡ ਦੇ ਮੌਤ ਦੇ ਕੇਸ ਵਿਚ ਪੁਲਿਸ ਅਧਿਕਾਰੀ ਡੈਰੇਕ ਸ਼ੌਵਨ ਦੋਸ਼ੀ ਕਰਾਰ

ਵਾਸ਼ਿੰਗਟਨ-ਅਮਰੀਕਾ ਦੀ ਇਕ ਗਰੈਂਡ ਜਿਊਰੀ ਨੇ ਪਿਛਲੇ ਸਾਲ ਅਫ਼ਰੀਕੀ ਮੂਲ ਦੇ ਅਮਰੀਕੀ ਜੌਰਜ ਫਲੌਇਡ ਦੀ ਹੋਈ ਹਿਰਾਸਤੀ ਮੌਤ ਦੇ ਮਾਮਲੇ ਵਿਚ ਮਿਨੇਪੋਲਿਸ ਪੁਲੀਸ ਦੇ ਅਧਿਕਾਰੀ ਡੈਰੇਕ ਸ਼ੌਵਨ ਨੂੰ ਸਾਰੇ ਤਿੰਨ ਦੋਸ਼ਾਂ ਤਹਿਤ ਦੋਸ਼ੀ ਕਰਾਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਇਸ ਘਟਨਾ ਤੋਂ ਬਾਅਦ ਨਸਲਵਾਦ ਤੇ ਪੁਲੀਸ ਦੀ ਕਰੂਰਤਾ ਖ਼ਿਲਾਫ਼ ਦੁਨੀਆ ਭਰ ਵਿਚ ਪ੍ਰਦਰਸ਼ਨ ਹੋਏ ਸਨ। 12 ਜੱਜਾਂ ਦੀ ਇਸ ਜਿਊਰੀ ਨੇ ਸ਼ੌਵਿਨ (45) ਨੂੰ ਦੂਜੀ ਡਿਗਰੀ ਗੈਰ-ਇਰਾਦਤਨ ਹੱਤਿਆ, ਤੀਜੀ ਡਿਗਰੀ ਹੱਤਿਆ ਅਤੇ ਦੂਜੀ ਡਿਗਰੀ ਹੱਤਿਆ ਦਾ ਦੋਸ਼ੀ ਪਾਇਆ। ਸਿਆਹਫ਼ਾਮ ਫਲੌਇਡ (46) ਦੀ ਮੌਤ ਪਿਛਲੇ ਸਾਲ ਮਈ ਵਿਚ ਪੁਲੀਸ ਹਿਰਾਸਤ ਵਿਚ ਹੋਈ ਸੀ, ਜਦੋਂ ਪੁਲੀਸ ਨੇ ਉਸ ਨਾਲ ਕਰੂਰਤਾ ਕੀਤੀ ਸੀ। ਮਿਨੇਪੋਲਿਸ ਵਿਚ ਇਕ ਸਟੋਰ ਦੇ ਕਰਮਚਾਰੀ ਨੇ ਫਲੌਇਡ 'ਤੇ ਨਕਲੀ ਨੋਟ ਦੇਣ ਦਾ ਦੋਸ਼ ਲਾਇਆ ਸੀ, ਜਿਸ ਕਾਰਨ ਪੁਲੀਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਸੀ।

# ਮੈਨੂੰ ਕਿਵੇਂ ਪਤਾ ਲਗੇ ਕਿ COVID-19 ਵੈਕਸੀਨਜ਼ ਸੁਰੱਖਿਅਤ ਹਨ?

ਜਿਹੜੀਆਂ ਵੈਕਸੀਨਜ਼ ਸੁਰੱਖਿਅਤ, ਪ੍ਰਭਾਵੀ ਅਤੇ ਉਤਮ ਕੁਆਲਟੀ ਦੀਆਂ ਹਨ, ਉਹ ਹੀ ਹੈਲਥ ਕੈਨੇਡਾ ਵਲੋਂ ਅਧਿਕਾਰਤ ਕੀਤੀਆਂ ਜਾਂਦੀਆਂ ਹਨ। ਦੁਨੀਆਂ ਭਰ ਵਿਚ ਕੈਨੇਡਾ ਆਪਣੇ ਉੱਚੇ ਮਿਆਰਾਂ ਅਤੇ ਸਖਤ ਵੈਕਸੀਨ ਰਿਵਿਊ ਪ੍ਰੀਕਿਰਿਆ ਲਈ ਜਾਣਿਆ ਜਾਂਦਾ ਹੈ।

**COVID-19 ਵੈਕਸੀਨਜ਼ ਬਾਰੇ ਵਧੇਰੇ ਜਾਣਕਾਰੀ ਲਈ**
Canada.ca/covid-vaccine `ਤੇ ਜਾਓ।

1-833-784-4397



**COVID-19 ਵੈਕਸੀਨਜ਼ ਅਤੇ ਤੁਸੀਂ।**

Government of Canada Gouvernement du Canada

Canada

# ਮਰਹੂਮ ਲੇਖਕ ਮਨਜੀਤ ਮੀਤ ਨੂੰ ਸਮਰਪਿਤ ਰਹੀ ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਦੀ ਮੀਟਿੰਗ

ਸਰੀ (ਹਰਦਮ ਮਾਨ)-ਕੇਂਦਰੀ ਪੰਜਾਬੀ ਲੇਖਕ ਸਭਾ ਉੱਤਰੀ ਅਮਰੀਕਾ ਦੀ ਜ਼ੂਮ ਮੀਟਿੰਗ ਪ੍ਰਿਤਪਾਲ ਗਿੱਲ ਦੀ ਪ੍ਰਧਾਨਗੀ ਹੇਠ ਹੋਈ। ਸਭਾ ਦੇ ਸਾਬਕਾ ਪ੍ਰਧਾਨ ਅਤੇ ਪ੍ਰਸਿੱਧ ਲੇਖਕ ਸਵ: ਮਨਜੀਤ ਮੀਤ ਢੱਟ ਨੂੰ ਸਮਰਪਿਤ ਇਸ ਮੀਟਿੰਗ ਵਿਚ ਪ੍ਰਸਿੱਧ ਲੇਖਕ ਡਾ: ਗੁਰਮੇਲ ਸਿੱਧੂ ਬਤੌਰ ਮੁੱਖ ਬੁਲਾਰੇ ਅਤੇ ਰਵਿੰਦਰ ਰਵੀ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ। ਸਭਾ ਦੀ ਸ਼ੁਰੂਆਤ ਵਿਚ ਪਿਛਲੇ ਦਿਨੀਂ ਵਿਛੜੀਆਂ ਰੂਹਾਂ ਜਿਨ੍ਹਾਂ ਵਿਚ ਅਮਰੀਕਾ ਵਿੱਚ ਪਤੱਰਕਾਰੀ ਦੇ ਥੰਮ ਹਰਵਿੰਦਰ ਰਿਆੜ,ਪੰਜਾਬ ਜਾਗਰਣ ਦੇ ਸਹਿ ਸੰਪਾਦਕ ਇਬਲੀਸ,ਪੰਜਾਬੀ ਗਾਇਕ ਦਿਲਜਾਨ,ਪਾਕਿਸਤਾਨੀ ਗਾਇਕ ਸ਼ੌਕਤ ਅਲੀ,ਅਵਤਾਰ ਸਿੰਘ ਗਿੱਲ ਆਲਮਗੀਰ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਪ੍ਰਸਿੱਧ ਲੇਖਕ ਅਤੇ ਨਾਟਕ ਕਾਰ ਰਵਿੰਦਰ ਰਵੀ ਨੇ ਵਿਸਥਾਰ ਸਹਿਤ ਮਰਹੂਮ ਲੇਖਕ ਮਨਜੀਤ ਮੀਤ ਦੇ ਜੀਵਨ, ਸਾਹਿਤਕ ਸਫ਼ਰ ਬਾਰੇ ਦਿਲਚਸਪ ਜਾਣਕਾਰੀ ਕੀਤੀ ਅਤੇ ਆਪਣੇ ਮਿੱਤਰ ਨਾਲ ਯਾਦਗਾਰੀ ਪਲ ਵੀ ਸਾਂਝੇ ਕੀਤੇ। ਮਨਜੀਤ ਮੀਤ ਦੇ ਪਰਿਵਾਰ ਵੱਲੋਂ ਉਨ੍ਹਾਂ ਦੀ ਧਰਮ ਪਤਨੀ ਦਮਿੰਦਰ ਢੱਟ ਨੇ ਭਾਵਪੂਰਵਕ ਸ਼ਬਦਾਂ ਨਾਲ ਸਭਾ ਦਾ ਧੰਨਵਾਦ ਕੀਤਾ। ਰੁਪਿੰਦਰ ਖਹਿਰਾ ਰੂਪੀ ਵੱਲੋਂ ਮਰੂਹਮ ਲੇਖਕ ਦੀ ਪੁਸਤਕ “ਨੰਗੇ ਪੈਰੀਂ ਪੌਣ” ਚੋਂ ਇੱਕ ਰਚਨਾ ਅਤੇ ਰਵਿੰਦਰ ਰਵੀ ਦੀ ਮਨਜੀਤ ਮੀਤ ਨੂੰ ਸਮਰਪਿਤ ਰਚਨਾ ਤਰਨੰਮ ਵਿਚ ਪੇਸ਼ ਕੀਤੀ। ਸੁਰਜੀਤ ਸਿੰਘ ਮਾਧੋਪੁਰੀ ਵੱਲੋਂ ਮਨਜੀਤ ਮੀਤ ਦੀਆਂ ਰਚਨਾਵਾਂ ਤਰਨੰਮ ਵਿੱਚ ਪੇਸ਼ ਕਰ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ। ਸੁਰਜੀਤ ਕਲਸੀ ਨੇ ਮਨਜੀਤ ਦੀ ਇਕ ਭਾਵੁਕ ਰਚਨਾ ਪੇਸ਼ ਕਰਦਿਆਂ ਕੁਝ ਯਾਦਗਾਰੀ ਪਲ ਸਾਂਝੇ ਕੀਤੇ। ਉਪਰੰਤ ਸਭਾ ਦੇ ਪ੍ਰਧਾਨ ਪ੍ਰਿਤਪਾਲ ਗਿੱਲ ਨੇ ਮੁੱਖ ਬੁਲਾਰੇ ਪ੍ਰਸਿੱਧ ਲੇਖਕ ਤੇ ਵਿਗਿਆਨੀ ਡਾ: ਗੁਰਮੇਲ ਸਿੱਧੂ ਨੂੰ ਜੀ ਆਇਆਂ ਆਖਦਿਆਂ ਸਰੋਤਿਆਂ ਨਾਲ ਉਨ੍ਹਾਂ ਦੀ ਸਾਂਝ ਪੁਆਈ। ਉਨ੍ਹਾਂ ਦੱਸਿਆ ਕਿ ਡਾ। ਸਿੱਧੂ ਇੱਕ ਉੱਘੇ ਲੇਖਕ,ਸਾਇੰਸਦਾਨ,ਪੰਜਾਬੀ ਸਾਹਿਤ ਦੇ ਵਿਦਵਾਨ ਹਨ। ਡਾ। ਸਿੱਧੂ ਨੇ ਗ਼ਦਰ ਇਤਿਹਾਸ, ਗ਼ਦਰੀ ਬਾਬਿਆਂ ਦੀ ਜਦੋਜਹਿਦ ਅਤੇ ਗ਼ਦਰ ਲਹਿਰ ਅਤੇ ਹੋਰ ਪ੍ਰਕਾਸ਼ਤ ਪੁਸਤਕਾਂ ਬਾਰੇ ਵੱਡਮੁੱਲੀ ਜਾਣਕਾਰੀ ਸਾਂਝੀ ਕੀਤੀ। ਰਚਨਾਤਮਿਕ ਦੌਰ ਵਿੱਚ ਬਲਦੇਵ ਖਹਿਰਾ, ਸੁੱਚਾ ਸਿੰਘ ਕਲੇਰ, ਹਰਸ਼ਰਨ ਕੌਰ, ਹਰਚੰਦ ਬਾਗੜੀ, ਪ੍ਰਿੰ। ਸੁਰਿੰਦਰ ਕੌਰ ਬਰਾੜ, ਡਾ:ਗੁਰਮਿੰਦਰ ਸਿੱਧੂ, ਇੰਦਰਜਤ ਧਾਮੀ, ਅਮਰੀਕ ਪਲਾਹੀ, ਗੁਰਚਰਨ ਸਿੰਘ ਟੱਲੇਵਾਲੀਆ ਨੇ ਆਪਣੀਆਂ ਰਚਨਾਵਾਂ ਰਾਹੀਂ ਮਨਜੀਤ ਮੀਤ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਹਾਜ਼ਰ ਸਰੋਤਿਆਂ ਵਿਚ ਇੰਦਰਪਾਲ ਸਿੰਘ ਸੰਧੂ ,ਪੰਜਾਬੀ ਸਾਹਿਤ ਸਭਾ ਸਿਆਟਲ ਦੇ ਬਲਿਹਾਰ ਸਿੰਘ ਲੇਹਲ ,ਹਰਚੰਦ ਸਿੰਘ ਗਿੱਲ, ਜਾਗੀਰ ਸਿੰਘ ਕਾਹਲੋਂ ਸ਼ਾਮਿਲ ਸਨ। ਦੇਵ ਹੇਅਰ ਨੇ ਵੀ ਆਪਣੀ ਹਾਜਰੀ ਲੁਆਈ। ਅੰਤ ਵਿੱਚ ਪ੍ਰਧਾਨ ਪ੍ਰਿਤਪਾਲ ਗਿੱਲ ਨੇ ਸਭ ਦਾ ਧੰਨਵਾਦ ਕੀਤਾ। ਮੀਟਿੰਗ ਦਾ ਸੰਚਾਲਨ ਸਕੱਤਰ ਪਲਵਿੰਦਰ ਸਿੰਘ ਰੰਧਾਵਾ ਨੇ ਕੀਤਾ।



## ਦੁਨੀਆਂ ਦੇ ਵਿਕਸਤ ਮੁਲਕਾਂ ਦੇ ਮੁਕਾਬਲੇ ਭਾਰਤ ਮਾੜਾ ਦੇਸ਼ ਨਹੀਂ-ਠਾਕੁਰ ਦਲੀਪ ਸਿੰਘ



ਸਰੀ (ਹਰਦਮ ਮਾਨ)-ਨਾਮਧਾਰੀ ਸੰਪਰਦਾ ਦੇ ਮੁਖੀ ਠਾਕੁਰ ਦਲੀਪ ਸਿੰਘ ਨੇ ਭਾਰਤ ਦੇ ਹਾਲਾਤ ਪ੍ਰਤੀ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਹੈ ਕਿ ਅਸੀਂ ਕਈ ਵਾਰੀ ਆਪਣੇ ਦੇਸ਼ ਨੂੰ ਹੀ ਮਾੜਾ ਕਹਿ ਦਿੰਦੇ ਹਾਂ ਕਿ ਏਥੇ ਬੜਾ ਕੁਝ ਗਲਤ ਹੋ ਰਿਹਾ ਹੈ। ਇਥੇ ਹਾਲਾਤ ਬਹੁਤ ਮਾੜੇ ਹਨ, ਕੋਈ ਵੀ ਆਦਮੀ ਸੁਰੱਖਿਅਤ ਨਹੀਂ ਅਤੇ ਵਿਸ਼ੇਸ਼ ਤੌਰ ਤੇ ਔਰਤਾਂ ਆਪਣੇ ਆਪ ਨੂੰ ਬਹੁਤ ਅਸੁਰੱਖਿਅਤ ਮਹਿਸੂਸ ਕਰ ਰਹੀਆਂ ਹਨ। ਇੱਥੇ ਨਿਤ ਦਿਨ ਬਲਾਤਕਾਰ ਹੋ ਰਹੇ ਹਨ ਅਤੇ ਹੋਰ ਕਈ ਗ਼ੈਰ-ਸਮਾਜਿਕ ਵਰਤਾਰੇ ਵਾਪਰ ਰਹੇ ਹਨ। ਪਰ ਜੇਕਰ ਅਸੀਂ ਸੰਸਾਰ ਦੇ ਹੋਰਨਾਂ ਦੇਸ਼ਾਂ ਅਤੇ ਖਾਸ ਕਰ ਕੇ ਵਿਕਸਤ ਮੁਲਕਾਂ ਨਾਲ ਆਪਣੇ ਦੇਸ਼ ਭਾਰਤ ਦਾ ਮੁਕਾਬਲਾ ਕਰੀਏ ਤਾਂ ਹੈਰਾਨੀ ਹੁੰਦੀ ਹੈ ਕਿ ਸੱਚਾਈ ਇਸ ਤੋਂ ਬਿਲਕੁਲ ਉਲਟ ਹੈ। ਸਾਡਾ ਦੇਸ਼ ਏਨਾ ਬੁਰਾ ਨਹੀਂ ਸਗੋਂ ਇਸ ਤੋਂ ਵੀ ਬਦਤਰ ਘਟਨਾਵਾਂ ਵਿਕਸਤ ਮੁਲਕਾਂ ਵਿਚ ਵਾਪਰ ਰਹੀਆਂ ਹਨ। ਉਨ੍ਹਾਂ ਬਲਾਤਕਾਰਾਂ ਦੇ ਅੰਕੜਿਆਂ ਦੀ ਗੱਲ ਕਰਦਿਆਂ ਕਿਹਾ ਕਿ ਜੇਕਰ ਸਮੁੱਚੇ ਵਿਸ਼ਵ ਦੇ ਨਕਸ਼ੇ ਤੇ ਝਾਤ ਮਾਰੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਆਬਾਦੀ ਦੇ ਹਿਸਾਬ ਨਾਲ ਭਾਰਤ ਵਿਚ ਬਲਾਤਕਾਰਾਂ ਦੀ ਔਸਤ ਦਰ ਅਮਰੀਕਾ, ਆਸਟਰੇਲੀਆ, ਜਰਮਨੀ, ਫਰਾਂਸ, ਨਿਊਜ਼ੀਲੈਂਡ, ਰੂਸ, ਇਟਲੀ ਆਦਿ ਤੋਂ ਬਹੁਤ ਘੱਟ ਹੈ। ਅੰਕੜੇ ਦਰਸਾਉਂਦੇ ਹਨ ਕਿ ਆਸਟਰੇਲੀਆ ਵਿਚ ਬਲਾਤਕਾਰ ਕੇਸਾਂ ਦੀ ਦਰ 28.60 ਹੈ, ਅਮਰੀਕਾ ਵਿਚ 27.30 ਹੈ, ਨਿਊਜ਼ੀਲੈਂਡ ਵਿਚ 25.80, ਫਰਾਂਸ ਵਿਚ 16.20, ਮੈਕਸੀਕੋ ਵਿਚ 13.20, ਜਰਮਨੀ ਵਿਚ 9.40, ਇਟਲੀ ਵਿਚ 7.60, ਰੂਸ ਵਿਚ 3.40 ਅਤੇ ਭਾਰਤ ਵਿਚ 1.80 ਹੈ। ਉਨ੍ਹਾਂ ਕਿਹਾ ਕਿ ਅਸਲ ਵਿਚ ਭਾਰਤ ਏਨਾ ਬੁਰਾ ਦੇਸ਼ ਨਹੀਂ ਜਿੰਨਾ ਇਸ ਨੂੰ ਪੇਸ਼ ਕੀਤਾ ਜਾ ਰਿਹਾ ਹੈ।

## ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਵੱਲੋਂ ਭਾਰਤੀ ਕਿਸਾਨਾਂ ਦੇ ਸੰਘਰਸ਼ ਦੀ ਹਮਾਇਤ



ਸਰੀ (ਹਰਦਮ ਮਾਨ)-ਸ੍ਰੀ ਗੁਰੂ ਗਰੰਥ ਸਾਹਿਬ ਸਤਿਕਾਰ ਕਮੇਟੀ ਐਬਟਸਫੋਰਡ ਵੱਲੋਂ ਭਾਰਤੀ ਕਿਸਾਨਾਂ ਦੇ ਸੰਘਰਸ਼ ਦੀ ਹਮਾਇਤ ਕਰਦਿਆਂ ਇਕ ਮਤਾ ਪਾਸ ਕਰ ਕੇ ਭਾਰਤ ਦੀ ਮੋਦੀ ਸਰਕਾਰ ਤੋਂ ਮੰਗ ਕੀਤੀ ਹੈ ਕਿ ਪੂਰੇ ਭਾਰਤ ਵਿਚ ਐਮ ਐਸ ਪੀ। ਸਾਰੀਆਂ ਫਸਲਾਂ ਤੇ ਲਾਗੂ ਕੀਤੀ ਜਾਵੇ ਅਤੇ ਲੰਬੇ ਸਮੇਂ ਤੋਂ ਅੰਦੋਲਨ ਕਰ ਰਹੇ ਕਿਸਾਨਾਂ ਦੀਆਂ ਮੰਗਾਂ ਪ੍ਰਵਾਨ ਕਰ ਕੇ ਖੇਤੀ ਸਬੰਧੀ ਲਿਆਂਦੇ ਗਏ ਤਿੰਨਾਂ ਕਾਨੂੰਨਾਂ ਨੂੰ ਰੱਦ ਕੀਤਾ ਜਾਵੇ। ਇਹ ਜਾਣਕਾਰੀ ਦਿੰਦਿਆਂ ਸਤਿਕਾਰ ਕਮੇਟੀ ਦੇ ਆਗੂ ਕੁਲਦੀਪ ਸਿੰਘ ਸੇਖੋਂ ਨੇ ਦੱਸਿਆ ਹੈ ਕਿ ਸਤਿਕਾਰ ਕਮੇਟੀ ਵੱਲੋਂ ਇਸ ਮਤੇ ਵਿਚ ਇਹ ਵੀ ਕਿਹਾ ਗਿਆ ਹੈ ਕਿ ਸਰਕਾਰਾਂ ਜੋ ਵੀ ਕਾਨੂੰਨ ਲਾਗੂ ਕਰਦੀਆਂ ਹਨ ਉਹ ਦੇਸ਼ ਦੇ ਲੋਕਾਂ ਦੇ ਹੱਕਾਂ ਉਪਰ ਡਾਕਾ ਮਾਰਨ ਲਈ ਸਗੋਂ ਆਪਣੇ ਨਾਗਰਿਕਾਂ ਦਾ ਜੀਵਨ ਬਿਹਤਰ ਬਣਾਉਣ ਲਈ ਬਣਾਉਂਦੀਆਂ ਹਨ। ਉਨ੍ਹਾਂ ਕਿਹਾ ਕਿ ਖੇਤੀ ਸਬੰਧੀ ਬਣਾਏ ਨਵੇਂ ਕਾਨੂੰਨ ਕਿਸਾਨਾਂ ਦੀ ਸਹਿਮਤੀ ਤੋਂ ਬਿਨਾਂ ਲਾਗੂ ਕੀਤੇ ਜਾ ਰਹੇ ਹਨ। ਸਰਕਾਰ ਇਨ੍ਹਾਂ ਨੂੰ ਰੱਦ ਕਰ ਕੇ ਦੇਸ਼ ਦੇ ਮਾਹੌਲ ਵਿਚ ਫੈਲ ਰਹੀ ਅਸ਼ਾਂਤੀ ਨੂੰ ਖਤਮ ਕਰੇ। ਸਤਿਕਾਰ ਕਮੇਟੀ ਵੱਲੋਂ ਸਰੀ, ਐਬਟਸਫੋਰਡ, ਡੈਲਟਾ, ਵੈਨਕੂਵਰ ਦੀਆਂ ਸਿਟੀ ਸੰਸਥਾਵਾਂ ਵੱਲੋਂ ਕਿਸਾਨਾਂ ਦੇ ਹੱਕ ਵਿਚ ਮਤੇ ਪਾਸ ਕਰਨ ਦੀ ਸ਼ਲਾਘਾ ਕੀਤੀ ਹੈ ਅਤੇ ਹੋਰਨਾਂ ਸੰਸਥਾਵਾਂ ਨੂੰ ਵੀ ਭਾਰਤੀ ਕਿਸਾਨਾਂ ਦੇ ਹੱਕ ਵਿਚ ਅੱਗੇ ਆਉਣ ਦੀ ਅਪੀਲ ਕੀਤੀ ਹੈ।

*We are able to do the following by phone, email, and walk-in:*

- Renewals
- Some Changes to Autoplan
- Parking Or Storage Insurance, Permits

**The following is insurance to be done as walk -in to the office:**

- New Plates and New Policies
- Changes to Autoplan
- Cancellations, Permits
- We also sell Home, Business, and Travel Insurance

*We practice social distancing*

*Visit us at one of our two locations during the following hours for walk-ins service:*

**Nationwide Insurance Agency Ltd.**
Mon-Friday 9:00 am to 8:00 pm, Sat – 9:00 to 5:00 pm
Sun 10:00 to 6:00 pm, Open on Stat holidays

**Alpine Insurance Agencies Ltd.**
Mon-Friday 9:00 am to 6:00 pm, Sat – 9:00 to 4:00 pm
#109 – 4061 200 St., Langley, BC



**Rad**
NATIONWIDE INSURANCE AGENCY 2018 LTD.
T: 604.562.1234
#104-9093-King George Blvd, Surrey BC
info@nationwideltd.ca
www.nationwideltd.ca



# ਵੈਨਕੂਵਰ ਸਿਟੀ ਕੌਂਸਲ ਵੱਲੋਂ ਭਾਰਤੀ ਕਿਸਾਨਾਂ ਦੇ ਸੰਘਰਸ਼ ਦਾ ਸਮੱਰਥਨ

## ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਬੀ.ਸੀ. ਪ੍ਰੀਮੀਅਰ ਜੋਹਨ ਹੌਰਗਨ ਨੂੰ ਭੇਜੇ ਲਿਖਤੀ ਪੱਤਰ

ਸਰੀ (ਹਰਦਮ ਮਾਨ)-ਵੈਨਕੂਵਰ ਸਿਟੀ ਕੌਂਸਲ ਵੱਲੋਂ ਭਾਰਤੀ ਕਿਸਾਨਾਂ ਦੇ ਸੰਘਰਸ਼ ਦਾ ਸਮੱਰਥਨ ਕਰਦਿਆਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਬੀ.ਸੀ. ਦੇ ਪ੍ਰੀਮੀਅਰ ਜੋਹਨ ਹੌਰਗਨ ਨੂੰ ਲਿਖਤੀ ਪੱਤਰ ਭੇਜੇ ਗਏ ਹਨ ਅਤੇ ਇਨ੍ਹਾਂ ਪੱਤਰਾਂ ਵਿਚ ਕੈਨੇਡਾ ਦੇ ਦੋਹਾਂ ਆਗੂਆਂ ਨੂੰ ਬੇਨਤੀ ਕੀਤੀ ਗਈ ਹੈ ਕਿ ਕੈਨੇਡਾ ਸਰਕਾਰ, ਭਾਰਤ ਵਿਚ ਚੱਲ ਰਹੇ ਕਿਸਾਨਾਂ ਦੇ ਸ਼ਾਂਤੀਪੂਰਣ ਵਿਰੋਧ ਪ੍ਰਦਰਸ਼ਨ, ਸੰਘਰਸ਼ ਸਬੰਧੀ ਭਾਰਤ ਸਰਕਾਰ ਨੂੰ ਆਪਣੀ ਚਿੰਤਾ ਦਾ ਇਜ਼ਹਾਰ ਕਰੇ। ਇਹ ਪੱਤਰ ਵੈਨਕੂਵਰ ਸਿਟੀ ਕੌਂਸਲ ਵੱਲੋਂ 31 ਮਾਰਚ, 2021 (ਅੰਤਿਕਾ ਏ) ਦੁਆਰਾ ਸਰਬਸੰਮਤੀ ਨਾਲ ਅਪਣਾਏ ਗਏ ਇੱਕ ਮਤੇ ਵਿੱਚ ਪਾਸ ਕੀਤੇ। ਪੱਤਰਾਂ ਵਿਚ ਇਹ ਵੀ ਕਿਹਾ ਗਿਆ ਹੈ ਕਿ ਭਾਰਤ ਸਰਕਾਰ ਨੇ ਕਿਸਾਨ ਯੂਨੀਅਨਾਂ ਦੀ ਸਲਾਹ ਲਏ ਬਿਨਾਂ ਹੀ ਖੇਤੀਬਾੜੀ ਕਾਨੂੰਨਾਂ ਵਿੱਚ ਤਬਦੀਲੀਆਂ ਕੀਤੀਆਂ ਹਨ ਅਤੇ ਇਹ ਤਬਦੀਲੀਆਂ, ਕਿਸਾਨਾਂ ਦੀ ਰੋਜ਼ੀ-ਰੋਟੀ ਨੂੰ ਨਕਾਰਾਤਮਕ ਤੌਰ ਤੇ ਪ੍ਰਭਾਵਿਤ ਕਰ ਰਹੀਆਂ ਹਨ। ਇਨ੍ਹਾਂ ਕਾਨੂੰਨਾਂ ਵਿੱਚ ਖੇਤੀ ਜਿਣਸਾਂ ਦਾ ਘੱਟੋ ਘੱਟ ਸਮਰਥਨ ਮੁੱਲ ਨਾ ਦੇਣਾ; ਵਪਾਰੀਆਂ ਨੂੰ ਭੰਡਾਰ ਕਰਨ ਦੀ ਆਗਿਆ ਦੇਣਾ, ਇਕਰਾਰਨਾਮੇ ਅਧੀਨ ਕਿਸਾਨਾਂ ਅਤੇ ਕਾਰਪੋਰੇਸ਼ਨਾਂ ਵਿਚਾਲੇ ਝਗੜੇ ਦੇ ਹੱਲ ਲਈ ਨਿਆਂਇਕ ਪ੍ਰਣਾਲੀ ਦੀ ਬਜਾਏ ਇਕ ਕਮੇਟੀ ਕਾਇਮ ਕਰਨਾ ਕਿਸਾਨਾਂ ਦੇ ਹਿਤਾਂ ਵਿਚ ਨਹੀਂ। ਵੈਨਕੂਵਰ ਸਿਟੀ ਕੌਂਸਲ ਨੇ ਕਿਹਾ ਹੈ ਕਿ ਉਹ ਭਾਰਤੀ ਕਿਸਾਨਾਂ ਨਾਲ ਏਕਤਾ ਵਿਚ ਖੜ੍ਹੀ ਹੈ। ਭਾਰਤ ਦੇ ਕਿਸਾਨਾਂ ਨੂੰ ਸਮਰਥਨ ਦੇਣ ਲਈ ਆਵਾਜ਼ ਉਠਾਉਣਾ ਇਸ ਸਿਧਾਂਤ ਦਾ ਸਮਰਥਨ ਕਰਦਾ ਹੈ ਕਿ ਕਨੇਡਾ ਅਤੇ ਦੁਨੀਆਂ ਭਰ ਵਿੱਚ ਕਿਸਾਨ ਕਿਸੇ ਵੀ ਦੇਸ਼ ਦੇ ਸਮਾਜਿਕ ਤਾਣੇ ਬਾਣੇ ਲਈ ਲਾਜ਼ਮੀ ਹਨ ਅਤੇ ਇਹਨਾਂ ਦਾ ਸਮਰਥਨ ਅਤੇ ਸੁਰੱਖਿਆ ਹੋਣੀ ਚਾਹੀਦੀ ਹੈ।



# ਨਾਮਵਰ ਸਿੱਖ ਵਿਦਵਾਨ ਤੇ ਚਿੰਤਕ ਸ: ਜੈਤੇਗ ਸਿੰਘ ਅਨੰਤ ਦੀ ਰਾਮਗੜ੍ਹੀਆ ਵਿਰਾਸਤ ਕੌਫੀ ਟੇਬਲ ਪੁਸਤਕ ਰਿਲੀਜ਼

ਸ੍ਰੀ ਅਨੰਦਪੁਰ ਸਾਹਿਬ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਚੱਲ ਰਹੇ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ (ਆਟੋਨੋਮਸ ਕਾਲਜ) ਵਿਖੇ ਬੀਬੀ ਜਗੀਰ ਕੌਰ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਇਕ ਵਿਸ਼ੇਸ਼ ਸਮਾਗਮ ਸਮੇਂ ਅੰਤਰਰਾਸ਼ਟਰੀ ਸਿੱਖ ਸਫ਼ਾਂ ਦੇ ਨਾਮਵਰ ਵਿਦਵਾਨ , ਦਾਨਿਸ਼ਵਰ ਤੇ ਸੂਝਵਾਨ ਸਿੱਖ ਚਿੰਤਕ ਸ. ਜੈਤੇਗ ਸਿੰਘ ਅਨੰਤ ਦੁਆਰਾ ਲਿਖੀ ਸੁਚਿੱਤਰ, ਬਹੁਰੰਗੀ ਪਹਿਲੀ ਕੌਫੀ ਟੇਬਲ 'ਰਾਮਗੜ੍ਹੀਆ ਵਿਰਾਸਤ' ਪੁਸਤਕ ਰਿਲੀਜ਼ ਕੀਤੀ ਗਈ। ਇਹ ਪੁਸਤਕ ਪੰਜਾਬੀ ਸਾਹਿਤ ਦੇ ਆਲਮੀ ਜਗਤ ਵਿਚਲੀਆਂ ਕੌਫੀ ਟੇਬਲ ਪੁਸਤਕਾਂ ਦੀ ਸ਼ੁਮਾਰ ਵਿਚ ਵੱਡੀ ਪਹਿਲਕਦਮੀ ਹੈ ।ਗਿਆਨ ਅਤੇ ਕਲਾ ਦੇ ਪਾਰਖੂ ਸ. ਅਨੰਤ ਜੀ ਦੀ ਅਣਥੱਕ ਘਾਲਣਾ ਇਸ ਪੁਸਤਕ ਵਿੱਚੋਂ ਡੁੱਲ੍ਹ -ਡੁੱਲ੍ਹ ਪੈਂਦੀ ਹੈ । ਇਸ ਵਿਚ ਰਾਮਗੜ੍ਹੀਆ ਕੌਮ ਦੇ ਧਾਰਮਿਕ, ਰਾਜਨੀਤਕ, ਵਿੱਦਿਅਕ ਪਸਾਰ ਅਤੇ ਮਹਾਨ ਸ਼ਖ਼ਸੀਅਤਾਂ ਦੀਆਂ ਕਾਮਯਾਬੀਆਂ ਨੂੰ ਅਮੋਲਕ ਵਿਰਾਸਤੀ ਰੰਗਤ ਦੇ ਕੇ ਸਾਂਭਿਆ ਗਿਆ ਹੈ।

# ਦਿੱਲੀ ਦੇ ਸਰ ਗੰਗਾ ਰਾਮ ਹਸਪਤਾਲ 'ਚ ਆਕਸੀਜਨ ਦੀ ਘਾਟ ਕਾਰਨ 25 ਮਰੀਜ਼ਾਂ ਦੀ ਮੌਤ

ਨਵੀਂ ਦਿੱਲੀ-ਇਥੋਂ ਦੇ ਸਰ ਗੰਗਾ ਰਾਮ ਹਸਪਤਾਲ ਵਿੱਚ ਆਕਸੀਜਨ ਦੀ ਘਾਟ ਕਾਰਨ ਪਿਛਲੇ ਚੌਵੀ ਘੰਟਿਆਂ ਅੰਦਰ 25 ਕਰੋਨਾ ਮਰੀਜ਼ਾਂ ਦੀ ਮੌਤ ਹੋ ਗਈ ਜਦਕਿ 60 ਮਰੀਜ਼ਾਂ ਦੀ ਹਾਲਤ ਗੰਭੀਰ ਹੈ। ਇਹ ਵੀ ਪਤਾ ਲੱਗਾ ਹੈ ਕਿ ਆਕਸੀਜਨ ਦੀ ਘੱਟ ਦਬਾਅ ਦੀ ਸਪਲਾਈ ਕਾਰਨ ਮੌਤਾਂ ਹੋਈਆਂ ਹਨ। ਦੂਜੇ ਪਾਸੇ ਕੇਂਦਰ ਸਰਕਾਰ ਦੇ ਸੂਤਰਾਂ ਦਾ ਕਹਿਣਾ ਹੈ ਕਿ ਉਕਤ ਹਸਪਤਾਲ ਵਿਚ ਵਾਧੂ ਆਕਸੀਜਨ ਦੀ ਸਪਲਾਈ ਮੌਜੂਦ ਹੈ ਤੇ ਇਕ ਹੋਰ ਟੈਂਕਰ ਹਸਪਤਾਲ ਵਿਚ ਪੁੱਜ ਚੁੱਕਾ ਹੈ। ਸਰ ਗੰਗਾ ਰਾਮ ਹਸਪਤਾਲ ਦੇ ਚੇਅਰਮੈਨ ਡਾ. ਡੀ ਐਸ ਰਾਣਾ ਨੇ ਦੱਸਿਆ ਕਿ ਹਸਪਤਾਲ ਨੂੰ ਬਿਨਾਂ ਰੁਕੇ ਤੇ ਸਮੇਂ ਸਿਰ ਆਕਸੀਜਨ ਦੀ ਸਪਲਾਈ ਲੋੜੀਂਦੀ ਹੈ। ਇਸ ਹਸਪਤਾਲ ਦੇ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਹਸਪਤਾਲ ਵਿਚ ਵੈਂਟੀਲੇਟਰ ਦੀ ਘਾਟ ਤੇ ਠੀਕ ਤਰ੍ਹਾਂ ਕੰਮ ਨਾ ਕਰਨ ਕਾਰਨ ਹੋਰ ਮਰੀਜ਼ਾਂ ਦੀ ਹਾਲਤ ਵੀ ਗੰਭੀਰ ਹੈ। ਇਸ ਤੋਂ ਪਹਿਲਾਂ ਹਸਪਤਾਲ ਨੇ ਕੇਂਦਰ ਸਰਕਾਰ ਨੂੰ ਜਾਣਕਾਰੀ ਦਿੱਤੀ ਸੀ ਕਿ ਹਸਪਤਾਲ ਵਿਚ ਛੇਤੀ ਹੀ ਆਕਸੀਜਨ ਮੁੱਕਣ ਵਾਲੀ ਹੈ।




# ਵੈਨਕੂਵਰ ਵਿਚਾਰ ਮੰਚ ਵੱਲੋਂ ਇਨਕਲਾਬੀ ਕਵੀ ਸੰਤ ਰਾਮ ਉਦਾਸੀ ਨੂੰ ਜਨਮ ਦਿਨ ਤੇ ਕੀਤਾ ਯਾਦ


ਸਰੀ (ਹਰਦਮ ਮਾਨ)-ਵੈਨਕੂਵਰ ਵਿਚਾਰ ਮੰਚ ਵੱਲੋਂ ਇਨਕਲਾਬੀ ਪੰਜਾਬੀ ਕਵੀ ਸੰਤ ਰਾਮ ਉਦਾਸੀ ਦੇ ਜਨਮ ਦਿਨ ਤੇ ਉਸ ਨੂੰ ਯਾਦ ਕੀਤਾ ਗਿਆ। ਇਸ ਸਬੰਧੀ ਇਕ ਵਿਸ਼ੇਸ਼ ਜ਼ੂਮ ਮੀਟਿੰਗ ਰਾਹੀਂ ਮੰਚ ਦੇ ਆਗੂਆਂ ਨੇ ਗਿਲਾ ਪ੍ਰਗਟ ਕੀਤਾ ਕਿ ਪੰਜਾਬ ਸਰਕਾਰ ਅਤੇ ਭਾਰਤ ਵਿਚਲੀਆਂ ਵੱਡੀਆਂ ਸਾਹਿਤਕ ਸੰਸਥਾਵਾਂ ਨੇ ਲੋਕ ਕਵੀ ਸੰਤ ਰਾਮ ਉਦਾਸੀ ਦੇ ਵਡਮੁੱਲੇ ਸਾਹਿਤਕ ਅਤੇ ਸੱਭਿਆਚਾਰਕ ਯੋਗਦਾਨ ਦਾ ਯੋਗ ਮੁੱਲ ਨਹੀਂ ਪਾਇਆ। ਮੀਟਿੰਗ ਵਿਚ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਸੰਤ ਰਾਮ ਉਦਾਸੀ ਦੇ ਸੰਘਰਸ਼ਮਈ ਜੀਵਨ ਦੀ ਗੱਲ ਕੀਤੀ। ਉਨ੍ਹਾਂ ਕਿਹਾ ਕਿ ਸੰਤ ਰਾਮ ਉਦਾਸੀ ਪੰਜਾਬੀ ਲੋਕ ਕਾਵਿ ਦਾ ਮਘਦਾ ਸੂਰਜ ਸੀ। ਉਸ ਦਾ ਬਚਪਨ ਆਮ ਕੰਮੀਆਂ ਦੇ ਨਿਆਣਿਆਂ ਵਾਂਗ ਤੰਗੀਆਂ ਤੁਰਸ਼ੀਆਂ ਵਿਚ ਬੀਤਿਆ ਪਰ ਇਸ ਗੱਲੋਂ ਉਹ ਖ਼ੁਸ਼ਕਿਸਮਤ ਰਿਹਾ ਕਿ ਪਛੜੇ ਇਲਾਕੇ ਦੇ ਪਛੜੇ ਪਿੰਡ ਵਿਚ ਵੀ ਦਸਵੀਂ ਤਕ ਪੜ੍ਹ ਗਿਆ ਅਤੇ ਅਧਿਆਪਕ ਬਣ ਗਿਆ। ਜਰਨੈਲ ਸਿੰਘ ਆਰਟਿਸਟ ਨੇ ਸਿੱਖ ਸੰਦਰਭ ਵਿਚ ਉਦਾਸੀ ਵੱਲੋਂ ਸਿਰਜੇ ਗੀਤਾਂ ਬਾਰੇ ਵਿਚਾਰ ਪ੍ਰਗਟ ਕੀਤੇ। ਮੋਹਨ ਗਿੱਲ ਨੇ ਏਨੇ ਵੱਡੇ ਲੋਕ ਕਵੀ ਦੇ ਦੁਖਾਂਤਿਕ ਅੰਤ ਉਪਰ ਗਹਿਰਾ ਅਫਸੋਸ ਪ੍ਰਗਟ ਕੀਤਾ। ਹਰਦਮ ਸਿੰਘ ਮਾਨ ਨੇ ਸਵ. ਉਦਾਸੀ ਨਾਲ ਜੈਤੋ ਵਿਖ ਹੋਈਆਂ ਮੁਲਾਕਾਤਾਂ ਦਾ ਜ਼ਿਕਰ ਕੀਤਾ। ਅੰਗਰੇਜ਼ ਬਰਾੜ ਨੇ ਕਿਹਾ ਕਿ ਬੇਸ਼ੱਕ ਉਸ ਮਹਾਨ ਕਵੀ ਨਾਲ ਕਦੇ ਮੁਲਾਕਾਤ ਦਾ ਸਬੱਬ ਤਾਂ ਨਹੀਂ ਬਣਿਆ ਪਰ ਉਨ੍ਹਾਂ ਦੀਆਂ ਅਮਰ ਰਚਨਾਵਾਂ ਹਮੇਸ਼ਾਂ ਚੇਤਿਆਂ ਵਿਚ ਰਹਿਣਗੀਆਂ। ਪਰਮਜੀਤ ਸਿੰਘ ਸੇਖੋਂ ਨੇ ਸੰਤ ਰਾਮ ਉਦਾਸੀ ਦੇ ਕ੍ਰਾਂਤੀਕਾਰੀ ਗੀਤਾਂ ਰਾਹੀਂ ਉਸ ਨੂੰ ਯਾਦ ਕੀਤਾ।












ਲੜੀਵਾਰ ਮਹਾਂ ਕਾਵਿ

# ਕਿਸ ਬਿਧ ਮਿਲੀ ਆਜ਼ਾਦੀ



ਲੇਖਕ : ਹਰਚੰਦ ਸਿੰਘ ਬਾਗੜੀ

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

123 ਕੋਈ ਛੋਟਾ ਕੋਈ ਨਾ ਹੋਵੇ ਵੱਡਾ, ਕੋਈ ਆਮ ਤੇ ਕੋਈ ਨਾ ਖਾਸ ਹੋਵੇ।
ਇੱਕੋ ਰੂਪ ਤੇ ਇੱਕੋ ਸਰੂਪ ਹੋਵੇ, ਸਭ ਦੇ ਪਾਇਆ ਇੱਕੋ ਲਿਬਾਸ ਹੋਵੇ।
ਲੇਬਲ ਹੋਏ ਨਾ ਜਾਤਾਂ ਤੇ ਵਰਨਾਂ ਦਾ, ਕੋਈ ਰਾਜਾ ਨਾ ਕੋਈ ਵੀ ਦਾਸ ਹੋਵੇ।
ਹਰਚੰਦ ਸਿੰਘਾ ਗੁਰਾਂ ਨੇ ਸੋਚ ਲਿਆ, ਨਵੀਂ ਸਦੀ ਦੀ ਨਵੀਂ ਹੀ ਰਾਸ ਹੋਵੇ॥
124 ਘਰ, ਪਿੰਡ ਜਾਂ ਬਣਨਾ ਸ਼ਹਿਰ ਹੋਵੇ, ਪਹਿਲਾਂ ਉਸ ਤੇ ਸੋਚ-ਵਿਚਾਰ ਹੁੰਦੀ।
ਵੇਖ ਥਾਂ, ਟਿਕਾਣਾ ਪੌਣ-ਪਾਣੀ, ਪਲੈਨ ਉਸਦੀ ਫਿਰ ਤਿਆਰ ਹੁੰਦੀ।
ਇੱਟਾਂ, ਲੱਕੜੀ, ਰਾਜ ਸੀਮਿੰਟ-ਸਰੀਆ, ਇਕੱਠੀ ਵਸਤ ਹੈ ਬੇ-ਸ਼ੁਮਾਰ ਹੁੰਦੀ।
ਹਰਚੰਦ ਸਿੰਘਾ ਜਿਨ੍ਹੇ ਤਿਆਰ ਕਰਨਾ, ਉਸ ਕੰਮ ਦੀ ਉਸੇ ਨੂੰ ਸਾਰ ਹੁੰਦੀ॥
125 ਨਵੀਂ ਕੌਮ ਦੀ ਨਵੀਂ ਸੀ ਨੀਂਹ ਧਰਨੀ, ਕੱਚਾ ਢਾਹ ਕੇ ਪੱਕਾ ਪਾਵਣਾ ਜੀ।
ਨੀਹਾਂ ਉਤੇ ਇਮਾਰਤਾਂ ਖੜ੍ਹਦੀਆਂ ਨੇ, ਪੱਕਾ ਨੀਂਹ ਨੂੰ ਉਨ੍ਹਾਂ ਬਣਾਵਣਾ ਜੀ।
ਰਾਜ ਭਾਲਣੇ ਸੂਝ ਤੇ ਬੂਝ ਵਾਲੇ, ਮਹਿਲ ਸਿੱਖੀ ਦਾ ਸੁੰਦਰ ਸੁਹਾਵਣਾ ਜੀ।
ਹਰਚੰਦ ਸਿੰਘਾ ਯੁਗਾਂ ਜੋ ਰਹੇ ਜੁੜਿਆ, ਮਸਾਲਾ ਇਹੋ ਜਾ ਉਸਨੂੰ ਲਾਵਣਾ ਜੀ॥
126 ਸਾਲ ਲੱਗਿਆ ਗੁਰਾਂ ਦਾ ਸਾਧਨਾ ਤੇ, ਬੰਦ ਖੇਡਣਾ ਉਨ੍ਹਾਂ ਸ਼ਿਕਾਰ ਕੀਤਾ।
ਚਿਹਰੇ ਉਤੇ ਗੰਭੀਰਤਾ ਆਣ ਬੈਠੀ, ਘੱਟ ਜਾਣਾ ਅੰਦਰ-ਬਾਹਰ ਕੀਤਾ।
ਦਰਬਾਰ ਵਿੱਚ ਵੀ ਬੈਠਣਾ ਘੱਟ ਕੀਤਾ, ਆਸ਼ਾਵਾਦ ਦਾ ਅੱਖੀਂ ਖੁਮਾਰ ਕੀਤਾ।
ਹਰਚੰਦ ਸਿੰਘਾ ਸਿੱਖ ਵਿਚਾਰ ਕਰਦੇ, ਕਿਸੇ ਰੋਗ ਨੇ ਤਨ ਬਿਮਾਰ ਕੀਤਾ॥
127 ਨੈਣਾ ਦੇਵੀ ਦੇ ਟਿੱਲੇ ਤੇ ਜਾ ਬਹਿੰਦੇ, ਸੱਤ ਮੀਲ ਦਾ ਸਫ਼ਰ ਮੁਕਾ ਕੇ ਜੀ।
ਖਾਲਸਾ-ਪੰਥ ਦੀ ਘੜਦੇ ਰੂਪ-ਰੇਖਾ, ਇਕਾਂਤ ਬਿਰਤੀ ਇੱਕ ਥਾਂ ਲਾ ਕੇ ਜੀ।
ਕਮੀ ਰਹੇ ਨਾ ਇਸ ਦੇ ਵਿੱਚ ਕੋਈ, ਇਤਿਹਾਸ ਪੜ੍ਹੇ ਸੀ ਰੀਝ ਲਗਾਕੇ ਜੀ।
ਹਰਚੰਦ ਸਿੰਘਾ ਬੜੇ ਹੀ ਵੇਦ ਵਾਚੇ, ਕਵੀ ਜਨਾਂ ਨੂੰ ਨਾਲ ਬਹਾਕੇ ਜੀ॥
128 ਇਸ ਸਮੇਂ ਇਸੇ ਸਥਾਨ ਉਤੇ, ਗੁਰਾਂ ਪਾਸ ਦੋ ਪੰਡਤ ਜਾਂਵਦੇ ਨੇ।
'ਕੇਸੋ ਦਾਸ' ਤੇ 'ਕਾਲੀ ਦਾਸ' ਦੋਵੇਂ, ਸੰਵਾਦ ਗੁਰਾਂ ਦੇ ਨਾਲ ਰਚਾਂਵਦੇ ਨੇ।
ਦੇਵੀ ਦੁਰਗਾ ਪ੍ਰਗਟ ਕਰ ਲਈਏ, ਮੰਤਰ ਸਾਨੂੰ ਇਹੋ ਜੇ ਆਂਵਦੇ ਨੇ।
ਹਰਚੰਦ ਸਿੰਘਾ ਦੇਵੀ ਤੋਂ ਵਰ ਲੈਂਦੇ, ਪੂਜਾ-ਪਾਠ ਜੋ ਸਾਤੋਂ ਕਰਾਂਵਦੇ ਨੇ॥
129 ਕਹਿੰਦੇ ਗੁਰੂ ਜੀ ਪੰਡਤੋਂ ਝੂਠ ਆਖੋ, ਝੂਠ ਬੋਲਣਾ ਸੋਨੂੰ ਸਿਖਾਇਆ ਏ।
ਜੀਣਾ ਮੁਗਲਾਂ ਸੋਡਾ ਹਰਾਮ ਕੀਤਾ, ਮੰਤਰ ਕੋਈ ਵੀ ਕੰਮ ਨਾ ਆਇਆ ਏ।
ਔਰੰਗਜ਼ੇਬ ਨੇ ਜੰਝੂ ਤੇ ਤਿਲਕ ਲਾਹੇ, ਡਰਦੇ ਸਿਰ ਤੇ ਮੂੰਹ ਮਨਾਇਆ ਏ।
ਹਰਚੰਦ ਸਿੰਘਾ ਧਰਮ ਬਚਾਉਣ ਲਈ, ਪਿਤਾ ਅਸਾਂ ਨੇ ਸ਼ਹੀਦ ਕਰਾਇਆ ਏ॥
130 ਕਰ ਸਕਦੇ ਪਰਗਟ ਕਰੋ ਦੇਵੀ, ਸਾਰਾ ਖਰਚਾ ਅਸਾਂ ਨੇ ਝੱਲਣਾ ਏ।
ਜਿਵੇਂ ਕਹੋਗੇ ਅਸਾਂ ਨੇ ਉਂਝ ਕਰਨਾ, ਸਭ ਹੁਕਮ ਤੁਹਾਡਾ ਚੱਲਣਾ ਏ।
ਧੂਫ-ਬੱਤੀ ਸੀਧਾ ਸਮੱਗਰੀ ਜੋ, ਕਿਸੇ ਗੱਲ ਤੋਂ ਅਸਾਂ ਨਾ ਟਲਣਾ ਏ।
ਹਰਚੰਦ ਸਿੰਘਾ ਗੁਰੂ ਜੀ ਕਹਿਣ ਲੱਗੇ, ਸੋਡੇ ਕੋਲੋਂ ਅਸਾਂ ਨਾ ਹੱਲਣਾ ਏ॥
131 ਦੇਵੀ ਪਰਗਟ ਪੰਡਤਾਂ ਹੈ ਕਰਨੀ, ਦੂਰ ਦੂਰ ਇਹ ਖਬਰਾਂ ਹੋਈਆਂ ਨੇ।
ਪੂਜਾ-ਪਾਠ ਤੇ ਹਵਨ ਹੋਣ ਲੱਗੇ, ਸੈਆਂ ਮਣਾਂ ਲੱਕੜਾਂ ਢੋਈਆਂ ਨੇ।
ਦੇਸੀ ਘਿਉ ਸੀ ਅਗਨੀ ਸੜਨ ਲੱਗਾ, ਭਰ ਭਰ ਕੇ ਪਲੀਆਂ ਚੋਈਆਂ ਨੇ।
ਨੈਣਾ-ਦੇਵੀ ਤੋਂ ਅਨੰਦਪੁਰ ਤਾਈਂ ਹਰਚੰਦ ਸਿੰਘਾ ਰੌਣਕਾਂ ਹੋਈਆਂ ਨੇ॥
132 ਛੱਡ ਮਹਿਲ, ਸ਼ਿਕਾਰ, ਅਨੰਦਪੁਰ ਨੂੰ, ਬ੍ਰਹਚਾਰ ਗੁਰੂ ਜੀ ਧਾਰਿਆ ਏ।
ਭਜਨ ਕਰਦਿਆਂ ਸੁੱਕ ਸਰੀਰ ਗਿਆ, ਲਾਲਾਂ ਕੋਲ ਵੀ ਗੇੜਾ ਨਾ ਮਾਰਿਆ ਏ।
ਸਮਾਂ ਲੰਘਿਆ ਦੇਵੀ ਨਾ ਦਰਸ ਦਿੱਤੇ, ਝੂਠ ਪੰਡਤਾਂ ਗੁਰੂ ਨੂੰ ਮਾਰਿਆ ਏ।
ਹਰਚੰਦ ਸਿੰਘਾ ਕੇਸੋ ਦਾਸ ਫਸਿਆ, ਵਾਅਦੇ ਕੂੜ ਦੇ ਕਰਕੇ ਹਾਰਿਆ ਏ॥
133 ਗੁਰੂ ਜੀ ਨੂੰ ਕੇਸ਼ੋਦਾਸ ਕਹਿੰਦਾ, ਦੇਵੀ ਬਲੀ ਬੰਦੇ ਦੀ ਮੰਗਦੀ ਏ।
ਖ਼ੂਨ ਪੀਣਾ ਸ਼ੌਕ ਹੈ ਦੇਵੀਆਂ ਦਾ, ਸੁੱਚੇ ਮੂੰਹ ਆਉਣ ਤੋਂ ਸੰਗਦੀ ਏ।
ਨਿੱਤ ਹੋਂਵਦੇ ਮੈਨੂੰ ਦੀਦਾਰ ਉਸਦੇ, ਸੁਭਾ-ਸ਼ਾਮ ਉਹ ਮੁਹਰਦੀ ਲੰਘਦੀ ਏ।
ਹਰਚੰਦ ਸਿੰਘਾ ਬੜੀ ਹੀ ਖੁਸ਼ ਹੁੰਦੀ, ਜੀਭ ਖ਼ੂਨ ਦੇ ਨਾਲ ਜਦ ਰੰਗਦੀ ਏ॥
134 ਦੁਰਗਾ ਦੇਵੀ ਨੂੰ ਜੋ ਪਸੰਦ ਬੰਦਾ, ਨਾ ਬਿਰਧ ਨਾ ਵਾਹਲਾ ਜਵਾਨ ਹੋਵੇ।
ਭਜਨ ਪਾਠ ਦੇ ਵਿਚ ਨਿਪੁੰਨ ਹੋਵੇ, ਬ੍ਰਹਮਚਾਰੀ ਨੇਕ ਇਨਸਾਨ ਹੋਵੇ।
ਨਸ਼ੇ-ਪੱਤੇ ਨੂੰ ਜੋ ਨਾ ਮੂੰਹ ਲਾਏ, ਕਿਸੇ ਕਿਸਮ ਦਾ ਕੋਈ ਨਾ ਕਾਨ ਹੋਵੇ।
ਹਰਚੰਦ ਸਿੰਘਾ ਵੇਦ-ਕਤੇਬਾਂ ਦਾ, ਅੰਦਰ ਉਸਦੇ ਗੂੜ੍ਹਾ ਗਿਆਨ ਹੋਵੇ॥
135 ਭਾਲੋ ਗੁਰੂ ਜੀ ਇਹੋ ਜਾ ਕੋਈ ਬੰਦਾ, ਦੇਵੀ ਮਾਤਾ ਨੂੰ ਭੇਂਟ ਚੜ੍ਹਾ ਲਈਏ।
ਖ਼ੂਨ ਪੀ ਕੇ ਹੋਏ ਪ੍ਰਸੰਨ ਦੁਰਗਾ, ਮੂੰਹੋਂ ਮੰਗੀਆਂ ਮੁਰਾਦਾਂ ਪਾ ਲਈਏ।
ਪ੍ਰਗਟ ਹੋ ਕੇ ਦੇਵੇ ਵਰ ਮਾਤਾ, ਦੁਸ਼ਟ ਉਸ ਤੋਂ ਸਭ ਮਰਵਾ ਲਈਏ।
ਹਰਚੰਦ ਸਿੰਘਾ ਕਰੋ ਤਲਾਸ਼ ਛੇਤੀ, ਦੇਵੀ ਮਾਤਾ ਨੂੰ ਆਪਾਂ ਪ੍ਰਗਟਾ ਲਈਏ॥
136 ਕਾਲੀਦਾਸ ਨੇ ਆਪਣੀ ਚੁੱਪ ਤੋੜੀ, ਬੋਦੇ ਵਾਲਾ ਸਿਰ ਹਲਾਂਵਦਾ ਏ।
ਦੁਰਗਾ ਦੇਵੀ ਉਥੇ ਦੀਦਾਰ ਦੇਂਦੀ, ਇਹ ਜਿੱਥੇ ਵੀ ਜੱਗ ਚਲਾਂਵਦਾ ਏ।
ਇਨ੍ਹਾਂ ਗੱਲਾਂ ਤੇ ਗੁਰੂ ਜੀ ਗ਼ੌਰ ਕਰਨੀ, ਕੇਸ਼ੋ ਦਾਸ ਜੀ ਜੋ ਫਰਮਾਂਵਦਾ ਏ।
ਹਰਚੰਦ ਸਿੰਘਾ ਪਹਿਲਾਂ ਹੀ ਦੇਰ ਹੋਈ, ਸ਼ੁਭ ਸਮਾਂ ਬੀਤਦਾ ਜਾਂਵਦਾ ਏ॥
137 ਜਾਣੀ ਜਾਣ ਦਸਮੇਸ਼ ਜਾਣ ਗਏ, ਕੇਸ਼ੋਦਾਸ ਇਹ ਕਿੱਥੋਂ ਬੋਲਦਾ ਏ।
ਝੂਠਾ ਜੱਗ ਦਾ ਇਹ ਸ਼ੈਤਾਨ ਪੰਡਤ, ਕਾਲੀ ਜੀਭ 'ਚੋਂ ਕੁਫ਼ਰ ਪਿਆ ਤੋਲਦਾ ਏ।
ਝੂਠਾ ਹੋ ਕੇ ਵੀ ਸੱਚਾ ਰਹਿ ਜਾਏ, ਚਾਲਬਾਜ਼ ਬਹਾਨਾ ਟੋਲਦਾ ਏ।
ਹਰਚੰਦ ਸਿੰਘਾ ਖਾ ਖਾ ਫਿੱਟ ਚੱਲਾ, ਚਿੱਤ ਅੰਦਰੋਂ ਇਸਦਾ ਡੋਲਦਾ ਏ॥
138 ਥੋੜ੍ਹਾ ਸੋਚ ਕੇ ਸਤਿਗੁਰੂ ਕਹਿਣ ਲੱਗੇ, ਤੂੰ ਤਿਆਰੀਆਂ ਕਰ ਕੇਸ਼ੋ।
ਬੰਦਾ ਸਾਡੇ ਧਿਆਨ ਦੇ ਵਿੱਚ ਆਇਆ, ਬਲੀ ਦਿਆਂਗੇ ਰਤਾ ਨਾ ਡਰ ਕੇਸ਼ੋ।
ਦੁਰਗਾ ਦੇਵੀ ਦੀ ਕਰਾਂਗਾ ਆਸ ਪੂਰੀ, ਘੜਾ ਦਿਆਂਗੇ ਖ਼ੂਨ ਦਾ ਭਰ ਕੇਸ਼ੋ।
ਹਰਚੰਦ ਸਿੰਘਾ ਕੋਈ ਨਹੀਂ ਕਾਣ ਦਿਖਦੀ, ਹਰ ਪਾਸਿਉਂ ਸੁੱਚਾ ਨਰ ਕੇਸ਼ੋ॥
139 ਹੈਰਾਨ ਹੋ ਕੇ ਕੇਸ਼ੋ ਦਾਸ ਕਹਿੰਦਾ, ਲਿਆਓ ਉਸਦੇ ਦਰਸ਼ਨ ਪਾ ਲਈਏ।
ਸ਼ਰਤਾਂ ਸਾਰੀਆਂ ਪੂਰੀਆਂ ਕਰਦਾ ਜੇ, ਗੰਗਾ ਜਲ ਦੇ ਵਿਚ ਨਹਾ ਲਈਏ।
ਕੀ ਨਾਮ ਤੇ ਕਿਆ ਜਾਤ ਉਸਦੀ, ਸਭ ਸ਼ੰਕੇ ਆਪਾਂ ਮਿਟਾਅ ਲਈਏ।
ਕੋਈ ਵਿਘਨ ਨਾ ਪਏ ਹਰਚੰਦ ਸਿੰਘਾ, ਦੇਵੀ ਮਾਤਾ ਨੂੰ ਪਹਿਲਾਂ ਮਨਾ ਲਈਏ॥
140 ਬੋਲੇ ਗੁਰੂ ਜੀ ਫ਼ਿਕਰ ਨਾ ਕਰ ਰਤਾ, ਬੰਦਾ ਕੱਲ ਨੂੰ ਬਲੀ ਚੜ੍ਹਾਵਨਾ ਏ।
ਸਭ ਸ਼ਰਤਾਂ ਪੂਰੀਆਂ ਕਰੇ ਉਹੋ, ਦੇਵੀ ਮਾਤਾ ਨੇ ਖੁਸ਼ ਹੋ ਜਾਵਨਾ ਏ।
ਉੱਚੀ ਜਾਤ ਤੇ ਵੇਦ ਕਤੇਬ ਜਾਣੇ, ਦੁਰਗਾ ਦੇਵੀ ਨੂੰ ਬੜਾ ਹੀ ਭਾਵਨਾ ਏ।
ਹਰਚੰਦ ਸਿੰਘਾ ਗੁਰੂ ਜੀ ਕਹਿਣ ਲੱਗੇ, ਕੇਸ਼ੋਦਾਸ ਨੇ ਸੀਸ ਕਟਾਵਨਾ ਏ॥
141 ਕੇਸ਼ੋ ਦਾਸ ਤੇ ਕਾਲੀਦਾਸ ਦੋਵੇਂ, ਭੱਜੇ ਰਾਤ ਨੂੰ ਜਾਨ ਬਚਾ ਕੇ ਜੀ।
ਹਵਨ ਵਿਚੋਂ ਉੱਠ ਬ੍ਰਾਹਮਣਾਂ ਨੇ, ਖ਼ਬਰ ਦਿੱਤੀ ਗੁਰਾਂ ਨੂੰ ਆ ਕੇ ਜੀ।
ਕਹਿੰਦੇ ਗੁਰੂ ਜੀ ਸਭ ਸਮੱਗਰੀ ਇਹ, ਸਾੜੋ ਅਗਨ ਕੁੰਡ ਵਿਚ ਪਾ ਕੇ ਜੀ।
ਹਰਚੰਦ ਸਿੰਘਾ ਨਿਕਲੀ ਲਾਟ ਸੂਹੀ, ਲਾਲ ਕੀਤਾ ਅਰਸ਼ ਰੁਸ਼ਨਾ ਕੇ ਜੀ॥
142 ਗੁਰਾਂ ਖਿੱਚ ਤਲਵਾਰ ਮਿਆਨ ਵਿੱਚੋਂ, ਮੁੱਠਾ ਉਸ ਦਾ ਮੱਥੇ ਨੂੰ ਲਾਇਆ ਏ।
ਇਹੋ ਦੁਰਗਾ, ਭਵਾਨੀ ਅਤੇ ਚੰਡੀ, ਉੱਚੀ ਬੋਲ ਕੇ ਉਨ੍ਹਾਂ ਸੁਣਾਇਆ ਏ।
ਇਨ੍ਹਾਂ ਪੰਡਤਾਂ ਲੋਕਾਂ ਭੋਲਿਆਂ ਨੂੰ, ਬੜੇ ਚਿਰਾਂ ਤੋਂ ਬੁੱਧੂ ਬਣਾਇਆ ਏ।
ਸਰਵ ਸਾਂਝਾ ਪੰਥ ਤਿਆਰ ਕਰਨਾ, ਹਰਚੰਦ ਸਿੰਘਾ ਗੁਰਾਂ ਫ਼ਰਮਾਇਆ ਏ॥
143 ਜਿੱਤ ਪਾ ਪਖੰਡ ਤੇ ਸਾਹਿਬ ਸੱਚੇ, ਅਨੰਦਪੁਰ ਆ ਜੱਗ ਚਲਾ ਦਿੱਤੇ।
ਬ੍ਰਹਮਣ ਖੱਤਰੀ ਵੈਸ਼ ਤੇ ਸ਼ੂਦਰਾਂ ਨੂੰ, ਇਕੋ ਪੰਗਤੀ ਆਸਣ ਵਿਛਾ ਦਿੱਤੇ।
ਸ਼ੂਦਰ ਵੈਸ਼ ਤੇ ਖੱਤਰੀ ਆਣ ਬੈਠੇ, ਆਸਣ ਗੁਰਾਂ ਵੀ ਨਾਲ ਲਗਾ ਦਿੱਤੇ।
ਹਰਚੰਦ ਸਿੰਘਾ ਬ੍ਰਾਹਮਣਾਂ ਸ਼ੋਰ ਪਾਇਆ, ਅਸੀਂ ਸ਼ੂਦਰਾਂ ਨਾਲ ਮਿਲਾ ਦਿੱਤੇ॥

### ਗੁਰੂ ਜੀ ਦਾ ਪੰਡਤਾਂ ਨੂੰ ਉਪਦੇਸ਼

144 ਕਹਿੰਦੇ ਗੁਰੂ ਜੀ ਪੰਡਤੋਂ ਖੌਫ਼ ਖਾਉ, ਇੱਕੋ ਰੱਬ ਨੇ ਜਗ ਉਪਾਇਆ ਏ।
ਇੱਕੋ ਖੇਤ 'ਚੋਂ ਉੱਗੀ ਕਣਕ ਸਾਰੀ, ਅਸੀਂ ਵੱਖ ਭੜੋਲਿਆਂ ਪਾਇਆ ਏ।
ਸਤਲੁਜ-ਗੰਗਾ ਬੱਚੇ ਹਿਮਾਲਾ ਦੇ, ਇੱਕੋ ਪਾਣੀ ਵਿੱਚ ਬਹਾਇਆ ਏ।
ਕੁੱਲੀ ਗੁੱਲੀ ਜੁਲੀ ਜੋ ਵਰਤਦੇ ਹੋ, ਹਰਚੰਦ ਸਿੰਘਾ ਇਨ੍ਹਾਂ ਦੀ ਮਾਇਆ ਏ॥
145 ਕਿਰਪਾ ਇਨ੍ਹਾਂ ਦੀ ਇਹ ਜੋ ਯੱਗ ਚਲੇ, ਕਿਲ੍ਹੇ-ਕੋਟ ਵੀ ਇਨ੍ਹਾਂ ਬਣਾਏ ਨੇ।
ਜਨੇਊ-ਬਸਤਰ ਤੁਸਾਂ ਜੋ ਪਹਿਨ ਰੱਖੇ, ਕੋਈ ਇਲਮ ਹੈ ਕਿੱਥੋਂ ਇਹ ਆਏ ਨੇ।
ਪੈਰਾਂ ਵਿੱਚ ਖੜਾਵਾਂ ਜੋ ਖੜਕਦੀਆਂ, ਰੰਦੇ ਇਸ ਨੂੰ ਕਿਸ ਨੇ ਲਾਏ ਨੇ।
ਹਰਚੰਦ ਸਿੰਘਾ ਮੰਜੀਆਂ ਜੋ ਵਰਤੋਂ, ਇਨ੍ਹਾਂ ਬਾਣ ਨੂੰ ਵੱਟ ਚੜ੍ਹਾਏ ਨੇ॥
146 ਤੁਸੀਂ ਇਨ੍ਹਾਂ ਦੀ ਰੀਸ ਕੀ ਕਰ ਲੈਣੀ, ਸੋਤੋਂ ਮਰੀ ਚੂਹੀ ਨਾ ਚੱਕ ਹੋਵੇ।
ਮੈਲ ਆਪਣੀ ਆਪ ਨਾ ਢੋ ਸਕੋਂ, ਰਾਖੀ ਆਪਣੀ ਆਪ ਨਾ ਰੱਖ ਹੋਵੇ।
ਕੱਲਾ ਸ਼ੂਦਰ ਕੰਮ ਜੋ ਕਰ ਸਕਦਾ, ਕਰ ਸਕੇ ਨਾ ਬ੍ਰਾਹਮਣ ਜੇ ਲੱਖ ਹੋਵੇ।
ਹਰਚੰਦ ਸਿੰਘਾ ਸੱਚੀਆਂ ਸਭ ਗੱਲਾਂ, ਦੂਰ ਕਰਾਂਗਾ ਰਤੀ ਜੇ ਸ਼ੱਕ ਹੋਵੇ॥
147 ਸੋਡੀ ਕਿਰਪਾ ਦੇਸ ਗੁਲਾਮ ਹੋਇਆ, ਲੋਕੀ ਰੱਖ ਤੇ ਤੁਸਾਂ ਨੇ ਪਾੜਕੇ ਜੀ।
ਵਹਿਮਾਂ-ਭਰਮਾਂ, ਧੋਖਿਆਂ ਵਿਚ ਪਾ ਕੇ, ਰੱਖੇ ਘਰਾਂ ਦੇ ਘਰ ਉਜਾੜ ਕੇ ਜੀ।
ਸਾਰੀ ਪਰਜਾ ਲੁੱਟ ਕੇ ਖਾ ਲਈ, ਰੱਖੀ ਸਦੀਆਂ ਸੂਲੀ ਤੇ ਚਾੜ੍ਹ ਕੇ ਜੀ।
ਹਰਚੰਦ ਸਿੰਘਾ ਗੁਰੂ ਜੀ ਕਹਿਣ ਲੱਗੇ, ਪੰਗਤ ਬਹਿਜੋ ਧੋਤੀਆਂ ਝਾੜ ਕੇ ਜੀ॥

### ਪੰਡਤਾਂ ਦੀ ਨਰਾਜ਼ਗੀ

148 ਸਮਝਦਾਰ ਤਾਂ ਭੋਜਨ ਕਰਨ ਲੱਗੇ, ਬੇ-ਸਮਝਾਂ ਆਢਾ ਲਾਇਆ ਏ।
ਅਸੀਂ ਇਹ ਅਨਰਥ ਨਹੀਂ ਹੋਣ ਦੇਣਾ, ਸਾਨੂੰ ਬ੍ਰਹਮਾ ਹੱਕ ਦੁਆਇਆ ਏ।
ਸਾਡੇ ਬਿਨਾਂ ਸੰਪੂਰਨ ਨਾ ਯੱਗ ਹੁੰਦੇ, ਯੁਗਾਂ-ਯੁਗਾਂ ਤੋਂ ਚਲਦਾ ਆਇਆ ਏ।
ਹਰਚੰਦ ਸਿੰਘਾ ਨਹੀਂ ਕਬੂਲ ਸਾਨੂੰ, ਇਹ ਸ਼ੂਦਰਾਂ ਰਲ ਪਕਾਇਆ ਏ॥

### ਗੁਰੂ ਜੀ

149 ਕਹਿੰਦੇ ਗੁਰੂ ਜੀ ਪੰਡਤੋਂ ਜ਼ਿੱਦ ਛੱਡੋ, ਆਪਾਂ ਸਾਰੇ ਸਮਾਜ ਨੂੰ ਜੋੜਨਾ ਏ।
ਜਾਤ-ਪਾਤ ਨੇ ਪੈਰੀਂ ਪਾਈਆਂ ਜੋ, ਅਸੀਂ ਉਨ੍ਹਾਂ ਜੰਜ਼ੀਰਾਂ ਨੂੰ ਤੋੜਨਾ ਏ।
ਸਾਨੂੰ ਗੈਰਾਂ ਨੇ ਆ ਕੇ ਗੁਲਾਮ ਕੀਤਾ, ਮੂੰਹ ਉਨ੍ਹਾਂ ਦਾ ਅਸੀਂ ਮੋੜਨਾ ਏ।
ਹਰਚੰਦ ਸਿੰਘਾ ਦੇਸ਼ ਆਜ਼ਾਦ ਕਰਨਾ, ਜਾਤਾਂ-ਪਾਤਾਂ ਨੂੰ ਸਦਾ ਲਈ ਛੋੜਨਾ ਏ॥
150 ਭੋਜਨ ਛਕੋ ਨਹੀਂ ਤੇ ਰਾਹ ਫੜੋ, ਗੁਰਾਂ ਪੰਡਤਾਂ ਤਾਈਂ ਸੁਣਾਇਆ ਹੈ।
ਕੋਈ ਉਚ ਤੇ ਕੋਈ ਨਾ ਨੀਚ ਇੱਥੇ, ਗੁਰੂ ਨਾਨਕ ਦੇ ਦਰ ਜੋ ਆਇਆ ਹੈ।
ਸਾਨੂੰ ਹੁਕਮ ਜੋ ਅਸੀਂ ਤੇ ਉਹ ਕਰਨਾ, ਸਾਡਾ ਵਕਤ ਕਿਉਂ ਤੁਸਾਂ ਗੁਆਇਆ ਹੈ।
ਹਰਚੰਦ ਸਿੰਘਾ ਹੋ ਕੇ ਉਹ ਰਹਿਣਾ, ਜੋ ਜੋ ਵੀ ਸਮੇਂ ਨੂੰ ਭਾਇਆ ਹੈ॥

*(ਬਾਕੀ ਅਗਲੇ ਅੰਕ ਵਿਚ )*

48 YEARS OF EXCELLENCE 1973 THE LINK GROUP 2021
PUNJAB LINK ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM



Rakesh Puri 604-377-4085 | Lalit (Nitu) 604-339-1599 | Amarjit Singh 778-908-0523 | Arya Bhalla 778-788-2429 | Hardam S. Maan 604-308-6663 | Shashi Madan 604-367-5611 | Shirin Mitha 604-614-9165

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7
ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

## ਹਾਂ ਪੱਖੀ ਦ੍ਰਿੜ ਵਿਵਹਾਰ ਸ.ਫਲਤਾ ਦਾ ਧੁਰਾ

ਦ੍ਰਿੜ ਅਤੇ ਸਕਾਰਾਤਮਕ ਵਿਵਹਾਰ ਸਫ਼ਲਤਾ ਪ੍ਰਾਪਤੀ ਦੀ ਬੁਨਿਆਦ ਹੈ। ਤੁਸੀਂ ਜਿੱਤ ਤਾਂ ਹੀ ਪ੍ਰਾਪਤ ਕਰ ਸਕਦੇ ਹੋ ਜੇਕਰ ਤੁਸੀਂ ਜਿੱਤ ਪ੍ਰਾਪਤ ਕਰਨ ਲਈ ਦ੍ਰਿੜ ਹੋ। ਨਕਾਰਾਤਮਕ ਪਹੁੰਚ ਵਾਲਾ ਵਿਅਕਤੀ ਸਫ਼ਲਤਾ ਦਾ ਸੁਪਨਾ ਵੀ ਨਹੀਂ ਵੇਖ ਸਕਦਾ । ਹਰ ਚੀਜ਼ ਦੀ ਇੱਕ ਸ਼ੁਰੂਆਤ ਹੁੰਦੀ ਹੈ ਅਤੇ ਇੱਕ ਚੰਗੀ ਸ਼ੁਰੂਆਤ ਸੰਭਾਵੀ ਸਫ਼ਲਤਾ ਦਾ ਸੰਕੇਤ ਹੁੰਦੀ ਹੈ। ਹਾਂ ਪੱਖੀ ਪਹੁੰਚ ਵਾਲਾ ਵਿਅਕਤੀ ਹਮੇਸ਼ਾ ਇਸ ਤਰ੍ਹਾਂ ਸੋਚੇਗਾ : ਮੈਂ ਚਾਹੁੰਦਾ ਹਾਂ, ਮੈਂ ਕਰ ਸਕਦਾ ਹਾਂ, ਮੈਂ ਕਰ ਲਵਾਂਗਾ। ਹਾਂ ਪੱਖੀ ਸੋਚ ਅਤੇ ਦ੍ਰਿੜ ਪਹੁੰਚ ਵਾਲੇ ਵਿਅਕਤੀ ਦੂਸਰਿਆਂ ਨਾਲ ਵਧੇਰੇ ਅਰਥ ਭਰਪੂਰ ਅਤੇ ਸੰਤੋਸ਼ਜਨਕ ਸੰਬੰਧ ਪੈਦਾ ਕਰ ਸਕਦੇ ਹਨ । ਉਹ ਇਕੱਲੀ ਇਕੱਲੀ ਸਥਿਤੀ ਦਾ ਸਾਹਮਣਾ ਕਰਨ ਦੇ ਵਧੇਰੇ ਸਮਰੱਥ ਹੁੰਦੇ ਹਨ। ਉਹ ਅਚੇਤ ਮਨ ਦੀਆਂ ਸ਼ਕਤੀਆਂ ਦੀ ਆਪਣੇ ਲਈ, ਆਪਣੇ ਪਰਿਵਾਰ ਲਈ ਅਤੇ ਸਮੁਚੇ ਸਮਾਜ ਲਈ ਵਧੇਰੇ ਸੁਚੱਜੀ ਵਰਤੋਂ ਕਰ ਸਕਦੇ ਹਨ । ਸਕਾਰਾਤਮਕ ਅਤੇ ਦ੍ਰਿੜ ਸੋਚ ਦੋਨੋਂ ਇੱਕ ਦੂਸਰੇ ਦੇ ਪੂਰਕ ਹਨ । ਸਕਾਰਾਤਮਕ ਦਾ ਭਾਵ ਹੈ ਉਸਾਰੂ ਜਾਂ ਹਾਂ ਪੱਖੀ ਅਤੇ ਦ੍ਰਿੜ ਦਾ ਭਾਵ ਇਰਾਦੇ ਦੀ ਮਜ਼ਬੂਤੀ। ਇਹ ਸ਼ਬਦ ਹੌਸਲੇ ਅਤੇ ਵਿਸ਼ਵਾਸ ਦੇ ਪ੍ਰਤੀਕ ਹਨ। ਸਕਾਰਾਤਮਕ ਸੋਚ ਵਿਸ਼ਵਾਸ ਦਾ ਦੂਸਰਾ ਨਾਮ ਹੈ। ਹਾਂ ਪੱਖੀ ਸੋਚ ਵਾਲੇ ਵਿਅਕਤੀ ਹਮੇਸ਼ਾ ਜਿਆਦਾ ਪਾਰਦਰਸ਼ੀ ਹੁੰਦੇ ਹਨ । ਉਹ ਆਪਣੇ ਅਧਿਕਾਰਾਂ ਨੂੰ ਉਚਿਤ ਸਮੇਂ, ਉਚਿਤ ਸਥਾਨ, ਉਚਿਤ ਹਾਲਾਤ ਅਤੇ ਉਚਿਤ ਢੰਗ ਨਾਲ ਪ੍ਰਗਟ ਕਰਨ ਦਾ ਹੌਸਲਾ ਰੱਖਦਾ ਹੈਂ।

ਹਾਂ ਪੱਖੀ ਅਤੇ ਦ੍ਰਿੜ ਇਰਾਦੇ ਵਾਲੇ ਵਿਅਕਤੀ ਕੌਣ ਹੁੰਦੇ ਹਨ ? ਇਹ ਅਜਿਹੇ ਵਿਅਕਤੀ ਹੁੰਦੇ ਹਨ ਜਿਹੜੇ ਬੁਰੇ ਹਲਾਤਾਂ ਵਿਚੋਂ ਵੀ ਚੰਗਾ ਲੱਭਣ ਦਾ ਯਤਨ ਕਰਦੇ ਹਨ। ਅਜਿਹੇ ਲੋਕ ਜੀਵਨ ਨੂੰ ਸਕਾਰਾਤਮਕ ਪਰਿਪੇਖ ਵਿੱਚ ਵੇਖ ਕੇ ਸਕਾਰਾਤਮਕ ਮਾਨਸਿਕ ਦ੍ਰਿਸ਼ਟੀਕੋਣ ਅਪਣਾ ਲੈਂਦੇ ਹਨ। ਇਹ ਕਿਸੇ ਨੂੰ ਨੀਵਾਂ ਨਹੀ ਦਿਖਾਉਂਦੇ ਬਲਕਿ ਸ਼ਾਤ ਚਿਤ ਆਪਣਾ ਕੰਮ ਕਰਦੇ ਰਹਿੰਦੇ ਹਨ। ਇਹ ਕਿਸੇ ਨੂੰ ਉਲਟਾ ਜਵਾਬ ਦੇਣਾ ਵਾਜਿਬ ਨਾ ਸਮਝਦੇ ਹੋਏ, ਸਮੇਂ ਨੂੰ ਉਤਰਦਾਈ ਨਿਸ਼ਚਿਤ ਕਰਦੇ ਹਨ। ਇਹ ਲੋਕ ਹਮੇਸ਼ਾ ਕੁਝ ਨਾ ਕੁਝ ਦੇਣ ਲਈ ਤਿਆਰ ਹੁੰਦੇ ਹਨ ਜਦ ਕਿ ਉਹ ਬਦਲੇ ਵਿੱਚ ਕੁਝ ਵੀ ਪ੍ਰਾਪਤ ਕਰਨ ਦੀ ਉਮੀਦ ਨਹੀਂ ਰੱਖਦੇ ਕਿਉਂਕਿ ਉਹਨਾਂ ਦਾ ਵਿਸ਼ਵਾਸ ਹੁੰਦਾ ਹੈ ਉਹਨਾਂ ਨੂੰ ਭਵਿੱਖ ਵਿੱਚ ਕਦੇ ਨਾ ਕਦੇ ਕਈ ਗੁਣਾ ਵੱਧ ਮਿਲ ਜਾਵੇਗਾ।

ਦ੍ਰਿੜ ਇਰਾਦੇ ਵਾਲੇ ਵਿਅਕਤੀ ਸਾਰੇ ਮਸਲਿਆਂ ਪ੍ਰਤੀ ਆਪਣੇ ਮਨ ਨੂੰ ਖੁੱਲ੍ਹਾ ਰੱਖਦੇ ਹਨ ਅਤੇ ਉਦੋਂ ਤਕ ਕੋਈ ਫੈਸਲਾ ਨਹੀਂ ਕਰਦੇ ਜਦ ਤਕ ਸੰਬੰਧਿਤ ਮਸਲੇ ਦੇ ਸਾਰੇ ਪਹਿਲੂਆਂ ਨੂੰ ਗੰਭੀਰਤਾ ਨਾਲ ਵਿਚਾਰ ਨਾ ਲੈਣ।ਦ੍ਰਿੜ ਨਿਸਚੇ ਵਾਲੇ ਇਨਸਾਨ ਆਪਣੇ ਵਿਚਾਰਾਂ ਉਪਰ ਪਹਿਰਾ ਦਿੰਦੇ ਹਨ ਅਤੇ ਆਪਣੀ ਕਥਨੀ ਅਤੇ ਕਰਨੀ ਦੇ ਦੁਆਰਾ ਆਪਣੇ ਹਾਂ ਪੱਖੀ ਅਕਸ ਦਾ ਪ੍ਰਗਟਾਵਾ ਕਰਦੇ ਹਨ। ਹਰ ਇੱਕ ਵਿਅਕਤੀ ਸਫਲ ਲੋਕਾਂ ਦੀ ਸੂਚੀ ਵਿੱਚ ਸ਼ਾਮਿਲ ਹੋਣਾ ਚਾਹੁੰਦਾ ਹੈ, ਪਰ ਉਸ ਲਈ ਜਰੂਰਤ ਹੈ, ਸਾਡੇ ਦ੍ਰਿੜ ਇਰਾਦੇ ਦੀ। ਅਸੀਂ ਆਪਣੇ ਆਪ ਬਾਰੇ ਜੋ ਸੋਚਦੇ ਹਾਂ, ਉਸਤੋਂ ਕਿਤੇ ਵੱਧ ਹਾਂ ਅਸੀਂ। ਜਦ ਅਸੀ ਕਿਰਿਆਸ਼ੀਲ ਅਤੇ ਸੁਚੇਤ ਹੋਕੇ ਆਪਣੀਆਂ ਸੰਭਾਵਨਾਵਾਂ ਬਾਰੇ ਸੋਚਦੇ ਹਾਂ ਤਾਂ ਸਾਡਾ ਅਚੇਤ ਮਨ ਸਮੱਸਿਆਵਾਂ ਦਾ ਹੱਲ ਲੱਭਣ ਲਈ ਆਪਣੇ ਆਪ ਵਿੱਚ ਕਾਰਜਸ਼ੀਲ ਹੋ ਜਾਂਦਾ ਹੈ। ਦੂਸਰਿਆਂ ਪ੍ਰਤੀ ਸਾਕਾਰਾਤਮਕ ਅਤੇ ਦ੍ਰਿੜ ਹੋਣ ਤੋਂ ਪਹਿਲਾਂ ਸਾਨੂੰ ਆਪਣੇ ਪ੍ਰੀ ਅਜਿਹਾ ਹੋਣਾ ਬਹੁਤ ਜਰੂਰੀ ਹੈ। ਕਿਉਂਕਿ ਸਕਾਰਾਤਮਕ ਸੋਚ ਅਤੇ ਦ੍ਰਿੜ ਵਿਵਹਾਰ ਹੀ ਸਫ਼ਲਤਾ ਦਾ ਧੁਰਾ ਹੈ।

—ਹਰਕੀਰਤ ਕੌਰ

# ਆਓ ! ਸਮਝਦਾਰੀ ਦਾ ਮਾਹੌਲ ਸਿਰਜਣ ਦੀ ਚੁਣੌਤੀ ਸਵੀਕਾਰੀਏ



ਹਰਕੀਰਤ ਕੌਰ
9779118066

ਮਨੁੱਖੀ ਉਮਰ ਨੂੰ ਸਿਰਫ ਜਨਮ ਦਿਨ ਬੰਧੇਜ ਵਿੱਚ ਰੱਖ ਕੇ ਨਹੀਂ ਵੇਖਿਆ ਜਾ ਸਕਦਾ। ਮੇਰੇ ਸਮੇਤ ਕੁੱਲ ਜਨ ਜੀਵਨ ਦੀ ਬੁਨਿਆਦ ਤਾਂ ਕਰੋੜਾਂ ਵਰ੍ਹੇ ਪਹਿਲਾਂ ਹੋਏ ਬ੍ਰਹਿਮੰਡੀ ਵਿਸਫੋਟ ਨਾਲ ਜੁੜੀ ਹੋਈ ਹੈ। ਜਦੋਂ ਪਦਾਰਥ ਗਲੈਕਸੀਆਂ, ਗ੍ਰਹਿਆਂ, ਉਪ ਗ੍ਰਹਿਆਂ ਵਿੱਚ ਟੁਕੜੇ ਟੁਕੜੇ ਹੋਇਆ ਜਦੋਂ ਸਦੀਆਂ ਦਾ ਸਫ਼ਰ ਤੈਅ ਕਰਦਿਆਂ ਠੰਢੀ ਹੋਈ ਧਰਤੀ ਤੇ ਜਨ ਜੀਵਨ ਨੇ ਅੰਗੜਾਈ ਲਈ ਫਿਰ ਸ਼ੁਰੂ ਹੋਇਆ ਜਨ ਜੀਵਨ ਦੇ ਸਹਿਜ ਦਾ ਸਿਲਸਿਲਾ – ਜਿਸ ਵਿੱਚ ਮੌਜੂਦਾ ਮਨੁੱਖ ਕੁਦਰਤ ਦੀ ਉੱਤਮ ਨਸਲ ਵਜੋਂ ਜਾਣਿਆ ਜਾਣ ਲੱਗਾ । ਮਨੁੱਖੀ ਵਿਕਾਸ ਦਾ ਰਾਹ ਖੁੱਲਦਾ ਗਿਆ ਅਤੇ ਇਹ ਆਦਿ ਮਾਨਵ ਤੋਂ ਅੱਜ ਡਾਕਟਰ, ਇੰਜੀਨੀਅਰ, ਵਿਗਿਆਨੀਆਂ ਆਦਿ ਵਿੱਚ ਰੂਪਮਾਨ ਹੁੰਦਾ ਗਿਆ।

ਜਦੋਂ ਇੱਕ ਵਿਅਕਤੀਗਤ ਅਤੇ ਸਮੂਹਿਕ ਤੌਰ ਤੇ ਮਨੁੱਖ ਸਿਆਣੀ ਸ਼ਕਤੀ ਬਣਦਾ ਹੈ ਤਾਂ ਕਰਿਸ਼ਮੇ ਕਰਦਾ ਹੈ। ਇਹ ਮਨੁੱਖ ਦੀ ਅਕੱਥ ਵਡਿਆਈ ਹੈ। ਪਰ ਹੁਣ ਇੱਥੇ ਨੋਟ ਕਰਨ ਵਾਲੀ ਗੱਲ ਇਹ ਹੈ ਕਿ ਜਦੋਂ ਮਨੁੱਖ ਏਨੀ ਵੱਡੀ ਤੇ ਅਸੀਮ ਸ਼ਕਤੀ ਦਾ ਮਾਲਿਕ ਹੈ ਤਾਂ ਫਿਰ ਇਸ ਧਰਤੀ ਦੇ ਵੱਡੇ ਹਿੱਸੇ ਤੇ ਜੀਵਨ ਜਿਊਣ ਯੋਗ ਕਿਉਂ ਨਹੀਂ ਹੈ ? ਮਨੁੱਖ ਵਿੱਚੋਂ ਮਨੁੱਖੀ ਗੁਣ ਕਿਉਂ ਮਨਫ਼ੀ ਹੋ ਗਏ ਹਨ ? ਸੁਆਰਥ ਤੇ ਟਿਕੇ ਰਾਜ ਪ੍ਰਬੰਧਾ ਨੇ ਮਨੁੱਖੀ ਸਮਾਜ ਨੂੰ ਜਾਤਾਂ, ਧਰਮਾਂ ,ਫਿਰਕਿਆਂ ਤੋਂ ਇਲਾਵਾ ਸਮਾਜਿਕ ਅਤੇ ਆਰਥਿਕ ਪਾੜੇ ਦਾ ਸਰਾਪ ਦੇ ਰੱਖਿਆ ਹੈ। ਇਹੀ ਕਾਰਣ ਹੈ ਕਿ ਮਨੁੱਖੀ ਸਮਾਜ ਸੰਤਾਪ ਭੋਗ ਰਿਹਾ ਹੈ। ਇਸ ਸੰਤਾਪ ਨੂੰ ਸਮਾਜ ਵਿੱਚ ਪਸਰੀ ਅਗਿਆਨਤਾ ਵਿਚੋਂ, ਗੰਦੀਆਂ ਬਸਤੀਆਂ ਵਿੱਚ ਕੀੜਿਆਂ ਵਾਂਗ ਰੀਂਗਦੀ ਜ਼ਿੰਦਗੀ ਵਿੱਚੋਂ, ਸੜਕਾਂ ਤੇ ਹੋ ਰਹੇ ਹਾਦਸਿਆਂ ਦਰ ਹਾਦਸਿਆਂ ਵਿੱਚ ਖਤਮ ਹੋ ਰਹੀ ਜ਼ਿੰਦਗੀ ਉਪਰੰਤ ਗਲੀ ਗਵਾਂਢ ਦੇ ਵਿਰਲਾਪਾਂ, ਸ਼ੋਕ ਸੱਥਾਂ ਚੋ , ਅਸ਼ਲੀਲ ਗੀਤ ਸੰਗੀਤ ਕਾਰਨ ਕਿਤਾਬਾਂ ਛੱਡ ਕੇ ਦੀਵਾਨੀ ਹੋਈ ਸੰਭਾਵਨਾ ਭਰੀ ਜਵਾਨੀ ਚੋਂ, ਮੋਬਾਇਲ ਦੀ ਦੁਰਵਰਤੋਂ ਚੋਂ, ਫਿਰੌਤੀਆਂ , ਕਤਲਾਂ, ਡਾਕਿਆਂ, ਉਧਾਲਿਆਂ , ਤੰਗੀਆਂ ਤੁਰਸ਼ੀਆਂ ਵਸ ਘਰਾਂ ਦੀ ਦੁਰਵਰਤੋਂ ਚੋਂ, ਬਾਲੜੀਆਂ ਤੋਂ ਲੈਕੇ ਬਿਰਧ ਮਾਵਾਂ ਨਾਲ ਹੁੰਦੇ ਦੁਸ਼ਕਰਮ, ਸਮਾਜਿਕ ਸੁਰੱਖਿਆ ਤੋਂ ਵਿਰਵੀਂ ਹੋ ਰਹੀ ਭਾਰਤੀ ਨਾਰੀ, ਥੁੜ੍ਹਾਂ ਦਾ ਸ਼ਿਕਾਰ ਹੋਏ ਸਾਧਨ ਵਿਹੂਣੇ ਲੋਕ, ਲੋੜੀਂ/ਬੇਲੋੜੀ ਮੁਕੱਦਮੇਬਾਜ਼ੀ ਵਿੱਚ ਖੁਆਰ ਹੋ ਰਹੇ ਲੋਕਾਂ ਦੀਆਂ ਭੀੜਾਂ, ਰਿਸ਼ਵਤਖੋਰੀ, ਭ੍ਰਿਸ਼ਟਾਚਾਰ, ਮਿਲਾਵਟੀ ਵਸਤਾਂ ਦੀ ਵਿਕਰੀ, ਹਉਮੈ ਚ ਗਲਤਾਨ ਅਫਸਰਸ਼ਾਹੀ , ਬੇਈਮਾਨ ਰਾਜਨੇਤਾਵਾਂ ਆਦਿ ਦੇ ਰੂਪ ਵਿੱਚ ਨੋਟ ਕੀਤਾ ਜਾ ਸਕਦਾ ਹੈ। ਜਿੰਨੇ ਵੀ ਸੰਤਾਪਾਂ ਨੂੰ ਮੈ ਲੜੀਬੱਧ ਕੀਤਾ ਹੈ, ਇਹ ਸਾਰੇ ਸਾਡੇ ਦੇਸ਼ ਦੀ ਗਲਤ ਵਿਵਸਥਾ ਦਾ ਨਤੀਜਾ ਹਨ। ਮੈ ਕਈ ਵਾਰ ਭਾਰਤੀ ਵਿਵਸਥਾ ਨੂੰ ਗਾਂਧੀ ਜੀ ਦੇ ਤਿੰਨ ਬਾਂਦਰਾ ਵਿੱਚ ਦੇਖਦੀ ਹਾਂ ਜਿੰਨਾ ਵਿੱਚ ਦੋ ਤਾਂ ਮੁੱਖ ਰਾਜਨੀਤਕ ਪਾਰਟੀਆਂ ਹਨ ਅਤੇ ਇੱਕ ਜਨਤਾ ਹੈ, ਜਿਸ ਵਿੱਚ ਕੰਨਾਂ ਤੇ ਅੱਖਾਂ ਉੱਪਰ ਹੱਥ ਰੱਖੀਆਂ ਪਾਰਟੀਆਂ ਨੂੰ ਨਾ ਤਾਂ ਦੇਸ਼ ਦੇ ਦੁੱਖ ਦਿਖਾਈ ਦਿੰਦੇ ਹਨ ਅਤੇ ਨਾ ਸੁਣਾਈ, ਅਤੇ ਮੂੰਹ ਤੇ ਹੱਥ ਰੱਖੀ ਸਾਡੀ ਜਨਤਾ ਚੁੱਪਚਾਪ ਸਭ ਸਹਿਣ ਲਈ ਤਿਆਰ ਹੈ ਪਰ ਜੁਲਮ ਵਿਰੁੱਧ ਅਵਾਜ਼ ਉਠਾਉਣ ਲਈ ਤਿਆਰ ਨਹੀਂ ਹੈ। ਅਸੀਂ ਪਿਛਲੇ ਕੁਝ ਸਮੇਂ ਤੋਂ ਲੋਕਤੰਤਰ ਦਾ ਸ਼ਰੇਆਮ ਅਪਮਾਨ ਹੁੰਦਾ ਵੇਖ ਰਹੇ ਹਾਂ ਪਰ ਸਭ ਜਾਣਦੇ ਹੋਏ ਵੀ ਉਹਨਾਂ ਰਾਜਨੇਤਾਵਾਂ ਨੂੰ ਵੋਟਾਂ ਦੇ ਦੇਸ਼ ਨੂੰ ਜਲਾਲਤ ਦੇ ਖੂਹ ਵਿੱਚ ਧੱਕਾ ਦੇ ਦਿੰਦੇ ਹਾਂ। ਜਿਵੇਂ ਮੈਂ ਸ਼ੁਰੂਆਤ ਵਿੱਚ ਦੱਸਿਆ ਕਿ ਮਨੁੱਖ ਧਰਤੀ ਦੀ ਸਰਵਉੱਚ ਨਸਲ ਹੈ, ਇਸ ਕੋਲ ਹਰ ਸਾਧਨ ਅਤੇ ਸੋਚ ਸਮਝ ਸਭ ਹੈ, ਪਰ ਅਸੀਂ ਆਪਣੇ ਦੇਸ਼ ਨੂੰ ਸਮਾਜ ਨੂੰ ਗਲਤ ਰਾਜਨੀਤੀ ਦੇ ਵੱਸ ਪਾ ਲੋਕਤੰਤਰ ਦੀਆਂ ਧੱਜੀਆਂ ਉੱਡਵਾ ਰਹੇ ਹਾਂ। ਅੱਜ ਦੇ ਸਮੇਂ ਵਿੱਚ ਬਹੁਤਾਂਤ ਲੋਕ ਪੜ੍ਹੇ ਲਿਖੇ ਹਨ, ਸਾਡੇ ਕੋਲ ਗਿਆਨ ਹੈ, ਆਪਣੇ ਹੱਕਾਂ ਦੀ ਪੂਰੀ ਜਾਣਕਾਰੀ ਹੈ, ਕਾਨੂੰਨਾ ਦੀ ਜਾਣਕਾਰੀ ਹੈ ਅਤੇ ਸਭ ਤੋਂ ਵੱਡੀ ਗੱਲ ਅੱਜ ਆਪਣੀ ਅਵਾਜ਼ ਨੂੰ ਦੇਸ਼ ਦੇ ਕੋਨੇ ਕੋਨੇ ਵਿੱਚ ਪੁਹਚਾਉਣ ਲਈ ਸਾਡੇ ਕੋਲ ਸ਼ੋਸ਼ਲ ਮੀਡੀਆ ਅਤੇ ਇੰਟਰਨੈੱਟ ਦੀ ਤਾਕਤ ਹੈ, ਪਰ ਕਮੀ ਤਾਂ ਕੇਵਲ ਸਮਝਦਾਰੀ ਵਾਲਾ ਸਮਾਜ ਸਿਰਜਣ ਦੀ ਚਣੌਤੀ ਨੂੰ ਸਵੀਕਾਰ ਕਰਨ ਵਿੱਚ ਹੈ। ਹੁਣ ਅਸੀਂ ਇੱਥੇ ਇਸ ਗੱਲ ਨੂੰ ਦੁਰਕਾਰ ਨਹੀਂ ਸਕਦੇ ਕਿ ਸਰਕਾਰਾਂ ਦੇ ਕਾਲੇ ਚਿੱਠੇ ਜਾਣਦੇ ਹੋਏ ਵੀ ਅਸੀਂ ਉਹਨਾਂ ਨੂੰ ਹੀ ਵੋਟਾਂ ਦਿੰਦੇ ਹਾਂ। ਕਿਉਂਕਿ ਅਸੀਂ ਮੰਨਦੇ ਹਾਂ ਕਿ ਸਾਡੇ ਕੋਲ ਦੋ ਜਾਂ ਤਿੰਨ ਹੀ ਵਿਕਲਪ ਹਨ, ਉਹਨਾਂ ਵਿਚੋਂ ਹੀ ਸਰਕਾਰ ਬਣਾਉਣੀ ਹੈ, ਜਦੋਂ ਅਸੀਂ ਜਾਣਦੇ ਹਾਂ ਕਿ ਕੋਈ ਵੀ ਪਾਰਟੀ ਆਪਣੇ ਵਾਦਿਆਂ ਜਾਂ ਬੋਲਾਂ ਉੱਪਰ ਖਰੀ ਨਹੀਂ ਉੱਤਰਦੀ ਤਾਂ ਕਿਉਂ ਅਸੀਂ ਅੱਖਾਂ ਅਤੇ ਅਕਲ ਤੇ ਪੱਟੀ ਬੰਨ੍ਹ ਕੋਈ ਵੀ ਬਟਨ ਦਬਾ ਦਿੰਦੇ ਹਾਂ। ਇਸਤੋਂ ਵੱਡੀ ਉਦਹਾਰਣ ਹੋਰ ਕੋਈ ਨਹੀਂ ਹੋ ਸਕਦੀ ਕਿ ਅਸੀਂ ਇੱਕ ਸਮਝਦਾਰ ਸਮਾਜ ਸਿਰਜਣ ਵਿੱਚ ਨਾ ਕਾਮਯਾਬ ਹੋਏ ਹਾਂ। ਅਸਲ ਵਿੱਚ ਸੁਧਾਰ ਸਾਰੇ ਚਾਹੁੰਦੇ ਹਨ ਪਰ ਸੁਧਰਨਾ ਕੋਈ ਨਹੀਂ ਚਾਹੁੰਦਾ। ਸਮਝਦਾਰੀ ਦੀਆਂ ਗੱਲਾਂ ਸਾਰੇ ਕਰਦੇ ਹਨ, ਪਰ ਉਹਨਾਂ ਉੱਪਰ ਅਮਲ ਕੋਈ ਨਹੀਂ ਕਰਨਾ ਚਾਹੁੰਦਾ। ਹਾਲੇ ਵੀ ਸਮਾਂ ਹੈ ਸਮਝਦਾਰੀ ਤੋਂ ਕੰਮ ਲੈਣ ਦਾ ,ਆਪਣੇ ਹੱਕਾਂ ਲਈ ਅਵਾਜ਼ ਉਠਾਉਣ ਦਾ। ਜੇਕਰ ਅਸੀਂ ਸਮਝਦਾਰੀ ਵਾਲਾ ਸਮਾਜ ਸਿਰਜਣ ਦੀ ਚੁਣੌਤੀ ਨੂੰ ਸਵੀਕਾਰ ਨਹੀਂ ਕਰਦੇ ਤਾਂ ਸਾਨੂੰ ਆਪਣੇ ਦੇਸ਼ ਦੇ ਲੋਟੂ, ਭ੍ਰਿਸ਼ਟ ਅਤੇ ਅਨਪੜ੍ਹ ਜ਼ਰਵਾਣਿਆਂ ਦੀ ਗੁਲਾਮੀ ਕਰਨ ਲਈ ਤਿਆਰ ਹੋ ਜਾਣਾ ਚਾਹੀਦਾ ਹੈ।

ਸਾਨੂੰ ਸਮਝਦਾਰੀ ਤੋਂ ਕੰਮ ਲੈਂਦਿਆਂ ਆਪਣੀ ਸਮਾਜ ਪ੍ਰਤੀ ਜਿੰਮੇਵਾਰੀ ਸਮਝਦਿਆਂ ਹੋਇਆਂ ਵੋਟ ਦੇ ਅਧਿਕਾਰ ਦਾ ਸਹੀ ਇਸਤੇਮਾਲ ਕਰਨਾ ਹੋਵੇਗਾ ਤਾਂ ਹੀ ਅਸੀ ਇੱਕ ਸਮਝਦਾਰ ਸਮਾਜ ਸਿਰਜ ਸਕਾਂਗੇ।

AMA CONCRETE
Commercial & Residential
• Placing Pumping & Finishing
• Foundation Floors
• Smooth Finishing
• Exposed Broom Finishing
• Stamped Concrete
ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ
ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ
Sodhi: 604-518-4389 | Harjeet: 604-613-0472

METRO CONTRACTING LTD.
Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract


Residential & Commercial
Gurvinder Sanghera: 604-729-1435
Email: gsanghera77@gmail.com



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਉਮਰ 26 ਸਾਲ ਕੱਦ 5'10", ਨਸ਼ਿਆਂ ਤੋਂ ਰਹਿਤ, BTECH(ਮਕੈਨੀਕਲ), ਲਈ ਕੈਨੇਡੀਅਨ ਸਿਟੀਜ਼ਨ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਲੜਕਾ ਇੰਡੀਆ ਵਿੱਚ ਹੈ। ਲੜਕੇ ਕੋਲ ਇੰਡੀਆ ਵਿੱਚ 13 ਕਿੱਲੇ ਜ਼ਮੀਨ ਹੈ। ਲੜਕੇ ਦਾ ਪਰਿਵਾਰ ਕੈਨੇਡਾ ਵਿਚ ਵਧੀਆ ਸੈਟਲਡ ਹੈ। ਸੰਪਰਕ: 778-713-0015 ਜਾਂ ਇੰਡੀਆ: 98156-34151

ਜੱਟ ਸਿੱਖ ਕੈਨੇਡੀਅਨ ਪੀ ਆਰ , ਉਮਰ 27 ਸਾਲ, ਕੱਦ 6 ਫੁੱਟ, ਵੈਟਨਰੀ ਡਾਕਟਰ ਡਿਗਰੀ ਹੋਲਡਰ (B.Vse), ਨਸ਼ਾ ਰਹਿਤ, ਲੜਕੇ ਵਾਸਤੇ ਉੱਚ ਸਿਖਿਆ ਪ੍ਰਾਪਤ ਲੜਕੀ ਦੀ ਲੋੜ ਹੈ। ਲੜਕਾ 24 ਏਕੜ ਜ਼ਮੀਨ ਦਾ ਮਾਲਿਕ ਹੈ।ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ-ਫੋਨ ਨੰਬਰ 778-968-6874
apr25

ਕੈਨੇਡੀਅਨ ਪੀ.ਆਰ., ਉਮਰ 28 ਸਾਲ ਕੱਦ 5'11", ਵਾਸਤੇ ਸੋਹਣੀ ਸੁਨੱਖੀ ਲੜਕੀ ਦੀ ਲੋੜ ਹੈ। ਉਹ ਪਰਿਵਾਰ ਸੰਪਰਕ ਕਰਨ ਜੋ ਉਸ ਦੇ ਇੰਡੀਅਨ ਭਰਾ ਉਮਰ 32 ਸਾਲ ਕੱਦ 5'8" ਨੂੰ ਕਨੇਡੀਅਨ ਪੀ.ਆਰ ਲੜਕੀ ਦਾ ਰਿਸ਼ਤਾ ਕਰਵਾ ਸਕਣ।ਮਾਲਵੇ ਜ਼ਿਲੇ ਨੂੰ ਪਹਿਲ। ਸੰਪਰਕ- +91-8427380002 ਜਾਂ 604-771-2575
may01

ਜੱਟ ਸਿੱਖ, ਉਮਰ 26 ਸਾਲ, ਕੱਦ 5 ਫੁੱਟ 11 ਇੰਚ, ਬੀ ਏ, ਐਲ ਐਲ ਬੀ, ਆਇਲੈਟਸ ਚੋ 7 ਬੈਂਡ, ਜ਼ਮੀਨ-ਜਾਇਦਾਦ ਵਾਲੇ ਇੰਡੀਆ ਰਹਿੰਦੇ ਲੜਕੇ ਵਾਸਤੇ ਕੈਨੇਡੀਅਨ ਪੀ ਆਰ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਦਾ ਪਰਿਵਾਰ ਕੈਲਗਰੀ ਰਹਿੰਦਾ ਹੈ। ਚਾਹਵਾਨ ਸੰਪਰਕ ਕਰੋ- ਫੋਨ 587-892-2691, ਇੰਡੀਆ ਨੰਬਰ-98557-86891 (ਵੈਟਸਐਪ)
apr24

ਕੈਨੇਡੀਅਨ ਪੀ.ਆਰ., ਉਮਰ 27 ਸਾਲ ਕੱਦ 5'5", ਵਾਸਤੇ ਯੋਗ ਵਰ ਦੀ ਲੋੜ ਹੈ। ਉਹ ਪਰਿਵਾਰ ਸੰਪਰਕ ਕਰਨ ਜੋ ਉਸ ਦੇ ਇੰਡੀਅਨ ਭਰਾ ਉਮਰ 29 ਸਾਲ ਕੱਦ 6'0" ਨੂੰ ਕਨੇਡੀਅਨ ਪੀ.ਆਰ ਲੜਕੀ ਦਾ ਰਿਸ਼ਤਾ ਕਰਵਾ ਸਕਣ।। ਸੰਪਰਕ-604-761-7580 ਜਾਂ 604-599-8237
apr24

## EMPLOYMENTS

### ਵਰਕਰਾਂ ਦੀ ਲੋੜ

**ਫਾਸਟ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।**
**ਅੱਜ ਹੀ ਸੰਪਰਕ ਕਰੋ:**
**ਸਾਹਿਬ ਸਿੰਘ : 778-863-9000**

## MATRIMONIALS

### ਲੜਕੇ ਦੀ ਲੋੜ

ਜੱਟ ਸਿੱਖ ਸੋਹਣੀ ਸੁਨੱਖੀ ਲੜਕੀ, ਉਮਰ 26 ਸਾਲ ਕੱਦ 5'1", ਵਾਸਤੇ ਕੈਨੇਡੀਅਨ ਸਿਟੀਜ਼ਨ ਜਾਂ ਪੀ.ਆਰ. ਲੜਕੇ ਲੋੜ ਹੈ। ਲੜਕੀ ਇੰਡੀਆ ਰਹਿੰਦੀ ਹੈ ਅਤੇ BSC (Fashion Designing) ਕੀਤੀ ਹੋਈ ਹੈ।ਲੜਕੀ ਦਾ ਪਰਿਵਾਰ ਪਹਿਲਾਂ ਹੀ ਕੈਨੇਡਾ ਵਿਚ ਵਧੀਆ ਸੈਟਲਡ ਹੈ। ਸੰਪਰਕ- 778-713-0015 ਜਾਂ 604-319-0044
apr24

ਜੱਟ ਸਿੱਖ ਬਰਾੜ ਕੈਨੇਡੀਅਨ ਪੀ ਆਰ , ਉਮਰ 29 ਸਾਲ, ਕੱਦ 5 ਫੁੱਟ 6 ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ-ਫੋਨ ਨੰਬਰ 91-77105-45804 (ਵੈਟਸਐਪ)
apr24

BOOK YOUR CLASSIFIED IN
ਪੰਜਾਬ ਲਿੰਕ
PUNJABI WEEKLY NEWSPAPER
BUY 4 ADS GET 1 AD FREE

## EMPLOYMENTS

### ਵਰਕਰਾਂ ਦੀ ਲੋੜ

ਜ਼ੋਰਾਵਰ ਕੰਸਟਰਕਸ਼ਨ ਲਿਮ. ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ। ਵਧੀਆ ਤਨਖਾਹ। ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਵਾਉਣ ਵਿਚ ਮਦਦ ਕੀਤੀ ਜਾਵੇਗੀ। ਸਰੀ, ਡੈਲਟਾ ਅਤੇ ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।ਅੱਜ ਹੀ ਸੰਪਰਕ ਕਰੋ- ਲਖਵੀਰ ਸਿੰਘ ਗਰੇਵਾਲ: 778-881-0002

### ਵਰਕਰਾਂ ਦੀ ਲੋੜ

H.R. Stucco & Renovations Ltd. ਵਾਲਿਆਂ ਨੂੰ ਕਾਮੇਆਂ ਦੀ ਜ਼ਰੂਰਤ ਹੈ।ਯੋਗਤਾ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ।ਇਹਨਾਂ ਫੋਨ ਨੰਬਰਾਂ ਤੇ ਸੰਪਰਕ ਕਰੋ: 604-312-1325 ਜਾਂ 604-518-4800 | ਅਸੀ ਨਵੇਂ ਅਤੇ ਪੁਰਾਣੇ ਘਰਾਂ ਨੂੰ ਵਧੀਆ ਅਤੇ ਸਸਤੇ ਰੇਟਾਂ ਤੇ ਸਟੱਕੋ ਕਰਦੇ ਹਾਂ।

### ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ. ਜੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁਰੰਤ ਲੋੜ ਹੈ। ਕੰਮ ਪਲਾਂਟਿੰਗ, ਪੌਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚੱਲੇਗਾ। ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੋਵੇਗਾ। ਸਾਨੂੰ ਡਰਾਈਵਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ-ਚਰਨਜੀਤ ਕੌਰ 604-309-8705
dec31

ਕੰਗ ਫਾਰਮਜ਼ 4136-168 ਸਟ੍ਰੀਟ, ਸਰੀ, ਬੀ.ਸੀ. ਵਾਲਿਆਂ ਨੂੰ ਫੁਲ ਟਾਇਮ ਫਾਰਮ ਵਰਕਜ਼ ਦੀ ਜ਼ਰੂਰਤ ਹੈ।ਤਨਖਾਹ 16.75 / ਘੰਟਾ।ਕੰਮ ਪੌਦੇ, ਸਿੰਚਾਈ, ਛਾਂਗਣ, ਬੂਟੀ ਆਦਿ ਲਗਾਉਣ ਹੈ।ਅਪਲਾਈ ਕਰੋ: kang.farmworkers@gmail.com
apr24

# ਨੌਜਵਾਨ ਸੋਸ਼ਲ ਮੀਡੀਆ ਦੀ ਸੁਚੱਜੀ ਵਰਤੋਂ ਕਰਨ



**ਜਸਪ੍ਰੀਤ ਕੌਰ**

ਅਸੀਂ 21ਵੀਂ ਸਦੀ ਵਿਗਿਆਨ ਦੀ ਸਦੀ ਕਰ ਕੇ ਜਾਣੀ ਜਾਂਦੀ ਹੈ। ਇਸ ਸਮੇਂ ਵਿੱਚ ਹਰ ਤਕਨੀਕ ਦਾ ਬਹੁਤ ਵਿਕਾਸ ਹੋਇਆ ਹੈ। ਇਸੇ ਵਿਕਾਸ ਦਾ ਅਸਰ ਇੰਟਰਨੈੱਟ ਦੇ ਖੇਤਰ ਵਿੱਚ ਵੀ ਖ਼ੂਬ ਹੋਇਆ ਹੈ। ਅੱਜ ਇੰਟਰਨੈੱਟ ਦੀ ਵਰਤੋਂ ਕੰਪਿਊਟਰ 'ਤੇ ਹੀ ਨਹੀਂ ਸਗੋਂ ਮੋਬਾਈਲ ਫੋਨਾਂ 'ਤੇ ਵੀ ਉਪਲਬਧ ਹੈ। ਇਸ ਦੌਰਾਨ ਸੋਸ਼ਲ ਮੀਡੀਆ ਦੀ ਵਰਤੋਂ ਜ਼ਰੂਰਤ ਤੇ ਸਟੇਟਸ ਸਿੰਬਲ ਵਜੋਂ ਕੀਤੀ ਜਾਂਦੀ ਹੈ। ਲੋਕਾਂ ਵਿੱਚ ਆਪਸੀ ਸੰਪਰਕ ਨੂੰ ਵਧਾਉਣ ਲਈ ਕਈ ਵੈਬਸਾਈਟਾਂ ਦਾ ਨਿਰਮਾਣ ਕੀਤਾ ਗਿਆ ਹੈ, ਜਿਨ੍ਹਾਂ ਨੂੰ ਸੋਸ਼ਲ ਸਾਈਟਸ ਆਖਿਆ ਜਾਂਦਾ ਹੈ, ਜਿਵੇਂ ਟਵਿੱਟਰ, ਫੇਸਬੁੱਕ, ਇੰਸਟਾਗ੍ਰਾਮ, ਵੱਟਸਐਪ, ਗੂਗਲ ਪਲੱਸ, ਲਾਈਨ ਅਤੇ ਵਾਇਬਰ ਆਦਿ। ਅਜਿਹੀਆਂ ਅਣਗਿਣਤ ਸਾਈਟਸ ਤੇ ਐਪਸ ਹਨ। ਇਨ੍ਹਾਂ ਉਤੇ ਕੋਈ ਵਿਅਕਤੀ ਆਪਣਾ ਖਾਤਾ ਖੋਲ੍ਹ ਕੇ ਉਸ ਨੂੰ ਵਰਤਣ ਵਾਲੇ ਹੋਰ ਲੋਕਾਂ ਨਾਲ ਸੰਪਰਕ ਬਣਾ ਸਕਦਾ ਹੈ ਤੇ ਇੱਕ-ਦੂਜੇ ਨਾਲ ਲਿਖਤੀ ਸੰਦੇਸ਼, ਤਸਵੀਰਾਂ ਅਤੇ ਵੀਡੀਓ-ਆਡੀਓ ਕਲਿਪਸ ਆਦਿ ਸ਼ੇਅਰ ਕੀਤੇ ਜਾ ਸਕਦੇ ਹਨ। ਇਸ ਤੋਂ ਇਲਾਵਾ ਕਈ ਸੋਸ਼ਲ ਸਾਈਟਾਂ 'ਤੇ ਇੰਟਰਨੈੱਟ ਜ਼ਰੀਏ ਮੁਫ਼ਤ ਵਿੱਚ ਕਾਲ ਵੀ ਹੋ ਜਾਂਦੀ ਹੈ।

ਸੋਸ਼ਲ ਮੀਡੀਆ ਦਾ ਉਦੇਸ਼ ਜਾਣਕਾਰੀ ਦੇਣਾ, ਮਨੋਰੰਜਨ ਅਤੇ ਸਿੱਖਿਅਤ ਕਰਨਾ ਹੈ ਪਰ ਇੰਟਰਨੈੱਟ ਦੀ ਲੋੜ ਤੋਂ ਬਿਨਾਂ, ਲੋੜ ਤੋਂ ਜ਼ਿਆਦਾ ਅਤੇ ਗਲਤ ਵਰਤੋਂ ਸਾਡੇ ਲਈ ਮਾੜੇ ਸਾਬਤ ਹੁੰਦੀ ਹੈ ਅਤੇ ਸਾਡੇ ਨੌਜਵਾਨਾਂ ਵਿਚ ਸੋਸ਼ਲ ਮੀਡੀਆ ਦੀ ਬੇਲੋੜੀ ਵਰਤੋਂ ਦਾ ਰੁਝਾਨ ਸਿਖਰਾਂ 'ਤੇ ਹੈ। ਸਕੂਲਾਂ, ਕਾਲਜ ਅਤੇ ਜਨਤਕ ਥਾਵਾਂ 'ਤੇ ਲਗਪਗ 90 ਫ਼ੀਸਦੀ ਨੌਜਵਾਨ ਮੋਬਾਈਲ 'ਤੇ ਸੋਸ਼ਲ ਮੀਡੀਆ ਨਾਲ ਜੁੜੇ ਮਿਲਣਗੇ। ਇਸ ਨਾਲ ਸਭ ਤੋਂ ਅਹਿਮ ਤਾਂ ਉਨ੍ਹਾਂ ਦੇ ਅਣਮੁੱਲੇ ਸਮੇਂ ਦੀ ਬਰਬਾਦੀ ਹੁੰਦੀ ਹੈ। ਕਈ ਵਾਰੀ ਫੇਕ (ਝੂਠੇ) ਖਾਤੇ ਬਣਾ ਕੇ ਲੋਕ ਇੱਕ-ਦੂਜੇ ਨੂੰ ਗੁੰਮਰਾਹ ਵੀ ਕਰਦੇ ਹਨ।


ਪਿਛਲੇ ਦੋ ਦਹਾਕਿਆਂ ਤੋਂ ਕੰਪਿਊਟਰ ਦੀ ਆਦਤ ਦੇ ਰੋਗਾਂ ਦੀ ਚਰਚਾ ਸੀ ਪਰ ਹੁਣ ਸਮਾਰਟ ਫੋਨ ਨੇ ਸਾਡੇ ਰੋਜ਼ਾਨਾ ਜੀਵਨ ਵਿੱਚ ਅਜਿਹੀ ਘੁਸਪੈਠ ਕੀਤੀ ਹੈ ਜਿਸ ਤੋਂ ਬਿਨਾਂ ਅਸੀਂ ਬਚ ਨਹੀਂ ਸਕਦੇ। ਇਸ ਤਕਨੀਕੀ ਤਰੱਕੀ ਨੇ ਸਾਨੂੰ ਸੈਲਫੀ ਕਲਚਰ ਦਾ ਨਵਾਂ ਨਸ਼ਾ/ਵਿਗਾੜ ਦਿੱਤਾ ਹੈ। ਖਤਰਨਾਕ ਤਰੀਕਿਆਂ ਨਾਲ ਸੈਲਫੀ ਲੈਂਦੇ ਸਮੇਂ ਕਿੰਨੇ ਹੀ ਲੋਕ ਆਪਣੀਆਂ ਕੀਮਤੀ ਜਾਨਾਂ ਗਵਾ ਚੁੱਕੇ ਹਨ। ਵਿਦਿਆਰਥੀ ਵਰਗ ਵਿੱਚ ਇਹ ਪ੍ਰਵਿਰਤੀ ਬਹੁਤ ਹੀ ਘਾਤਕ ਹੈ, ਕਿਉਂਕਿ ਇਸ ਨਾਲ ਵਿਦਿਆਰਥੀਆਂ ਦੀ ਪੜ੍ਹਾਈ 'ਤੇ ਮਾੜਾ ਅਸਰ ਪੈਂਦਾ ਹੈ।

ਅੱਜ ਦੁਨੀਆਂ ਵਿੱਚ ਕੋਈ ਘਟਨਾ ਜਾਂ ਦੁਰਘਟਨਾ ਵਾਪਰਨ ਦੇ ਨਾਲ ਹੀ ਇਸ ਦੀ ਖ਼ਬਰ ਸੋਸ਼ਲ ਮੀਡੀਆ ਰਾਹੀਂ ਅੱਗ ਵਾਂਗੂ ਫੈਲ ਜਾਂਦੀ ਹੈ। ਕਈ ਵਾਰੀ ਲੋਕਾਂ ਵਿੱਚ ਅਫ਼ਵਾਹ ਫੈਲਾਉਣ ਅਤੇ ਆਮ ਜਨਤਾ ਨੂੰ ਗੁੰਮਰਾਹ ਕਰਨ ਲਈ ਝੂਠੀਆਂ ਗੱਲਾਂ ਵੀ ਫੈਲਾਅ ਦਿੱਤੀਆਂ ਜਾਂਦੀਆਂ ਹਨ। ਕਿਸੇ ਫੋਟੋ, ਵੀਡਿਓ ਜਾਂ ਜਾਣਕਾਰੀ ਵਿੱਚ ਐਡੀਟਿੰਗ ਕਰਕੇ ਉਸ ਦਾ ਸਰੂਪ ਬਦਲ ਕੇ ਭੜਕਾਊ ਬਣਾ ਦਿੱਤਾ ਜਾਂਦਾ ਹੈ, ਕਿਸੇ ਵੱਡੀ ਹਸਤੀ ਦੀ ਮੌਤ ਜਾਂ ਧਰਮ-ਜਾਤ ਨਾਲ ਸਬੰਧਤ ਝੂਠੀਆਂ ਤੇ ਭੜਕਾਊ ਗੱਲਾਂ ਫੈਲਾਈਆਂ ਜਾਂਦੀਆਂ ਹਨ। ਸਾਈਬਰ ਅਪਰਾਧਾਂ ਵਿੱਚ ਬਹੁਤ ਵਾਧਾ ਹੋ ਗਿਆ ਹੈ, ਜਿਨ੍ਹਾਂ ਦਾ ਸਮਾਜ ਉੱਪਰ ਮਾਰੂ ਅਸਰ ਪੈਂਦਾ ਹੈ। ਸੋਸ਼ਲ ਸਾਈਟਾਂ ਦਾ ਜ਼ਿਆਦਾ ਇਸਤੇਮਾਲ ਨਾ ਸਿਰਫ ਇਸ ਦਾ ਆਦੀ ਬਣਾ ਦਿੰਦਾ ਹੈ ਸਗੋਂ ਕਈ ਸਿਹਤ ਸਮੱਸਿਆਵਾਂ ਵੀ ਪੈਦਾ ਕਰਦਾ ਹੈ। ਦਿਮਾਗ ਅਤੇ ਕੰਨ ਦਾ ਟਿਊਮਰ ਹੋਣ ਦਾ ਖਦਸ਼ਾ, ਦਿਲ ਦੀ ਬਿਮਾਰੀ, ਬਲੱਡ ਪ੍ਰੈਸ਼ਰ, ਮਾਈਗ੍ਰੇਨ ਤੇ ਮੋਟਾਪੇ ਜਿਹੀਆਂ ਸਮੱਸਿਆਵਾਂ ਹੋ ਸਕਦੀਆਂ ਹਨ। ਮੋਟਾਪਾ ਅੱਗੇ ਸ਼ੂਗਰ ਦਾ ਕਾਰਨ ਬਣਦਾ ਹੈ। ਇਨ੍ਹਾਂ ਖਤਰਿਆਂ ਤੋਂ ਇਲਾਵਾ ਡਰਾਈਵਿੰਗ ਕਰਦੇ ਸਮੇਂ ਮੋਬਾਈਲ ਹਾਦਸਿਆਂ ਦਾ ਕਾਰਨ ਵੀ ਬਣਦੇ ਹਨ। ਬੱਚੇ ਨਿੱਕੀ ਉਮਰ ਵਿੱਚ ਹੀ ਔਟੀਜ਼ਮ ਵਰਗੀ ਮਾਨਸਿਕ ਸਮੱਸਿਆ ਦਾ ਸ਼ਿਕਾਰ ਹੋ ਰਹੇ ਹਨ। ਸੋਸ਼ਲ ਮੀਡੀਆ ਦੀ ਜ਼ਿਆਦਾ ਵਰਤੋਂ ਨੇ ਰਿਸ਼ਤਿਆਂ 'ਚ ਆਪਸੀ ਮੇਲਜੋਲ ਤੇ ਪਿਆਰ ਨੂੰ ਵੀ ਭਾਰੀ ਢਾਅ ਲਾਈ ਹੈ। ਇੱਕੋ ਘਰ ਵਿੱਚ ਪਰਿਵਾਰਕ ਮੈਂਬਰ ਅਜਨਬੀਆਂ ਦੀ ਤਰ੍ਹਾਂ ਰਹਿੰਦੇ ਹਨ। ਵੈਬਸਾਈਟ ਟਾਈਮਸ ਯੂਨੀਅਨ ਡਾਟ ਕਾਮ 'ਤੇ ਪ੍ਰਸਾਰਿਤ ਖੋਜ 'ਚ ਖੋਜੀਆਂ ਨੇ ਕਿਹਾ ਕਿ ਇਸ ਖੋਜ 'ਚ ਹਿੱਸਾ ਲੈਣ ਵਾਲੇ

*(ਬਾਕੀ ਸਫ਼ਾ 24 'ਤੇ)*












# ਇੰਸਟਾਗ੍ਰਾਮ 'ਤੇ ਤਸਵੀਰ ਸਾਂਝੀ ਕਰਨ ਮੌਕੇ ਦੁਚਿੱਤੀ 'ਚ ਪਈ ਸੋਨਾਕਸ਼ੀ

ਮੁੰਬਈ-ਬੌਲੀਵੁੱਡ ਅਦਾਕਾਰਾ ਸੋਨਾਕਸ਼ੀ ਸਿਨਹਾ ਨੇ ਅੱਜ ਸੋਸ਼ਲ ਮੀਡੀਆ 'ਤੇ ਆਪਣੀ ਤਸਵੀਰ ਸਾਂਝੀ ਕੀਤੀ ਹੈ ਪਰ ਇਸ ਦੌਰਾਨ ਉਸ ਨੂੰ ਸਮਝ ਨਹੀਂ ਸੀ ਆ ਰਹੀ ਕਿ ਉਹ ਇਸ ਨੂੰ 'ਸੰਡੇ ਸੈਲਫੀ ਕਹੇ ਜਾਂ ਸੰਡੇ ਸਟੇਟ ਆਫ ਮਾਈਂਡ'। ਤਸਵੀਰ ਵਿੱਚ ਉਹ ਵੱਖਰੇ ਅੰਦਾਜ਼ ਵਿੱਚ ਕੈਮਰੇ ਵੱਲ ਦੇਖਦੀ ਨਜ਼ਰ ਆ ਰਹੀ ਹੈ। ਉਸ ਨੇ ਹਲਕੇ ਨੀਲੇ ਰੰਗ ਦੀ ਪੁਸ਼ਾਕ ਅਤੇ ਗਲੇ ਵਿਚ ਚਾਂਦੀ ਰੰਗਾ ਹਾਰ ਪਹਿਨਿਆ ਹੋਇਆ ਹੈ। ਤਸਵੀਰ ਦੀ ਕੈਪਸ਼ਨ ਵਿੱਚ ਉਸ ਨੇ ਲਿਖਿਆ, "ਸੰਡੇ ਸੈਲਫੀ ਜਾਂ ਸੰਡੇ ਸਟੇਟ ਆਫ ਮਾਈਂਡ। ਫ਼ੈਸਲਾ ਤੁਸੀਂ ਕਰੋ।" ਸੋਨਾਕਸ਼ੀ ਵੱਡੇ ਪਰਦੇ 'ਤੇ ਆਖ਼ਰੀ ਵਾਰ ਸਲਮਾਨ ਖਾਨ ਦੀ ਫਿਲਮ 'ਦਬੰਗ-3' ਵਿੱਚ ਨਜ਼ਰ ਆਈ ਸੀ। ਆਉਂਦੇ ਦਿਨਾਂ 'ਚ ਉਹ 'ਭੁੱਜ: ਦਿ ਪਰਾਈਡ ਆਫ ਇੰਡੀਆ' ਵਿੱਚ ਅਜੈ ਦੇਵਗਨ, ਸੰਜੈ ਦੱਤ, ਐਮੀ ਵਿਰਕ ਤੇ ਨੂਰਾ ਫਤੇਹੀ ਨਾਲ ਨਜ਼ਰ ਆਵੇਗੀ।

# ਨੌਜਵਾਨ ਸੋਸ਼ਲ ਮੀਡੀਆ ਦੀ ਸੁਚੱਜੀ ਵਰਤੋਂ ਕਰਨ

*(ਸਫ਼ਾ 23 ਦੀ ਬਾਕੀ)*

ਸੋਸ਼ਲ ਸਾਈਟ ਦੇ ਨਸ਼ੇ ਦੀ ਲਤ ਵਾਲੇ ਵਿਦਿਆਰਥੀ ਨੂੰ ਜਦੋਂ ਕੁਝ ਸਮੇਂ ਲਈ ਫੇਸਬੁੱਕ ਤੋਂ ਦੂਰ ਰੱਖਿਆ ਗਿਆ ਤਾਂ ਉਹ ਚਿੜਚਿੜੇਪਣ ਤੇ ਆਪਣੀਆਂ ਭਾਵਨਾਵਾਂ 'ਤੇ ਕੰਟਰੋਲ ਨਾ ਕਰ ਸਕਣ ਵਰਗੀ ਸਮੱਸਿਆ ਨਾਲ ਵੀ ਗ੍ਰਸਤ ਪਾਏ ਗਏ, ਜੋ ਨਸ਼ੀਲੇ ਪਦਾਰਥਾਂ ਦੇ ਸੇਵਨ ਨੂੰ ਵਧਾ ਸਕਦੇ ਹਨ। ਅਖ਼ਬਾਰਾਂ ਵਿੱਚ ਅਜਿਹੀਆਂ ਅਣਜਾਣ ਨਾਲ ਦੋਸਤੀ ਕਰਨ ਜਾ ਰਹੇ ਹੋ ਤਾਂ ਉਸ ਬਾਰੇ ਪਹਿਲਾਂ ਚੰਗੀ ਤਰ੍ਹਾਂ ਜਾਣ ਲੈਣਾ ਜ਼ਰੂਰੀ ਹੈ। ਇਸਦੇ ਬਾਅਦ ਹੀ ਕਿਸੇ ਤਰ੍ਹਾਂ ਦੀ ਜਾਣਕਾਰੀ ਦਾ ਆਦਾਨ ਪ੍ਰਦਾਨ ਕਰਨਾ ਚਾਹੀਦਾ ਹੈ। ਇਸ ਲਈ ਉਨ੍ਹਾਂ ਦੀ ਸੋਸ਼ਲ ਵਾਲ ਦੇਖੋ ਕਿ ਉਹ ਕਿਹੋ ਜਿਹੀਆਂ ਪੋਸਟਾਂ ਸ਼ੇਅਰ ਕਰਦੇ ਹਨ, ਉਨ੍ਹਾਂ ਦਾ ਬੈਕਗਰਾਊਂਡ ਕੀ ਹੈ, ਤੁਹਾਡੀ ਰੁਚੀ ਇਕ ਦੂਸਰੇ ਨਾਲ ਮੇਲ ਖਾਂਦੀ ਹੈ ਜਾਂ ਨਹੀਂ। ਇਸ ਸਭ ਦੇ ਬਾਅਦ ਜੇ ਸਹੀ ਲੱਗੇ




ਅਜਿਹੀਆਂ ਖ਼ਬਰਾਂ ਲਗਪਗ ਰੋਜ਼ਾਨਾ ਪੜ੍ਹਨ ਨੂੰ ਮਿਲ ਜਾਂਦੀਆਂ ਹਨ, ਜਿਨ੍ਹਾਂ ਵਿੱਚ ਬਹੁਤ ਸਾਰੇ ਨੌਜਵਾਨ ਆਪਣਾ ਮਾਇਕ, ਜਿਨਸੀ ਅਤੇ ਮਾਨਸਿਕ ਨੁਕਸਾਨ ਕਰਵਾ ਬੈਠਦੇ ਹਨ। ਇਨ੍ਹਾਂ ਵਿੱਚ ਕੁੜੀਆਂ ਦੀ ਗਿਣਤੀ ਵਧੇਰੇ ਹੁੰਦੀ ਹੈ। ਇਸ ਲਈ ਕਿਸੇ ਨਾਲ ਵੀ ਸੰਪਰਕ ਕਰਨ ਤੋਂ ਪਹਿਲਾਂ ਉਸ ਬਾਰੇ ਜਾਣਕਾਰੀ ਹੋਣੀ ਜ਼ਰੂਰੀ ਹੈ। ਅਣਜਾਣ ਅਤੇ ਬੇ-ਭਰੋਸੇਯੋਗ ਵਿਅਕਤੀ ਨਾਲ ਨਿਜੀ ਜੀਵਨ ਵੇਰਵਾ, ਫੋਟੋਆਂ ਅਤੇ ਵੀਡੀਓ ਜਾਂ ਬੈਂਕ ਅਕਾਊਂਟ ਸਬੰਧੀ ਕੁਝ ਵੀ ਸਾਂਝਾ ਨਹੀਂ ਕਰਨਾ ਚਾਹੀਦਾ। ਫ਼ਰਜ਼ੀ ਅਕਾਊਂਟ ਬਣਾ ਕੇ ਅਜਿਹੇ ਲੋਕ ਆਪਣੇ ਆਪ ਨੂੰ ਵਿਦੇਸ਼ੀ ਜਾਂ ਵੱਡੇ ਕਾਰੋਬਾਰੀ ਦੱਸ ਕੇ ਘਰੇਲੂ ਔਰਤਾਂ ਅਤੇ ਮਰਦਾਂ ਤੱਕ ਨੂੰ ਸ਼ਿਕਾਰ ਬਣਾ ਲੈਂਦੇ ਹਨ। ਸੋਸ਼ਲ ਮੀਡੀਆ ਉੱਤੇ ਦੋਸਤੀ ਜਿੰਨੀ ਸਹਿਜ ਵਿਖਾਈ ਦਿੰਦੀ ਹੈ, ਅਸਲ ਵਿੱਚ ਹੁੰਦੀ ਨਹੀਂ। ਜਿਨ੍ਹਾਂ ਬਾਰੇ ਤੁਸੀ ਪਹਿਲਾਂ ਹੀ ਜਾਣਦੇ ਹੋ ਉਨ੍ਹਾਂ ਨਾਲ ਦੋਸਤੀ ਵਿੱਚ ਕੋਈ ਮੁਸ਼ਕਿਲ ਨਹੀਂ ਹੁੰਦੀ, ਪਰ ਕਿਸੇ ਦੋਸਤ ਦੇ ਦੋਸਤ ਨਾਲ ਦੋਸਤੀ ਦੀ ਲੜੀ ਦੇ ਅੱਗੇ ਵਧਣ ਦੇ ਨਾਲ ਨਾਲ ਭਰੋਸਾ ਘੱਟ ਹੁੰਦਾ ਜਾਂਦਾ ਹੈ। ਕਈ ਵਾਰ ਤਾਂ ਜੋ ਚਿਹਰਾ ਨਜ਼ਰ ਆ ਰਿਹਾ ਹੁੰਦਾ ਹੈ, ਅਸਲ ਵਿੱਚ ਉਹ ਚਿਹਰਾ ਤੇ ਨਾਮ-ਪਤਾ ਸਭ ਨਕਲੀ ਹੁੰਦਾ ਹੈ। ਇਹ ਜਾਨਣਾ ਮੁਸ਼ਕਿਲ ਹੋ ਸਕਦਾ ਹੈ ਕਿ ਕੌਣ ਕਿਸ ਉਦੇਸ਼ ਨਾਲ ਦੋਸਤੀ ਦਾ ਹੱਥ ਵਧਾ ਰਿਹਾ ਹੈ। ਸੋਸ਼ਲ ਮੀਡੀਆ ਉੱਤੇ ਦੋਸਤ ਬਣਾਉਂਦੇ ਸਮੇਂ ਕੁਝ ਗੱਲਾਂ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ। ਜੇ ਤੁਸੀਂ ਦੂਸਰਿਆਂ ਜ਼ਰੀਏ ਜਾਂ ਕਿਸੇ ਤਾਂ ਦੋਸਤੀ ਕਰੋ ਨਹੀਂ ਤਾਂ ਪਿੱਛੇ ਹਟ ਜਾਓ। ਅਣਜਾਣ ਬਣੇ ਦੋਸਤਾਂ ਉੱਤੇ ਬਾਅਦ ਵਿੱਚ ਵੀ ਨਜ਼ਰ ਰੱਖਣ ਦੀ ਜ਼ਰੂਰਤ ਹੁੰਦੀ ਹੈ। ਕਈ ਵਾਰ ਜੋ ਜਿਹੋ ਜਿਹਾ ਨਜ਼ਰ ਆ ਰਿਹਾ ਹੁੰਦਾ ਹੈ, ਉਹ ਉਹੋ ਜਿਹਾ ਹੁੰਦਾ ਨਹੀਂ। ਜੇ ਸੋਸ਼ਲ ਮੀਡੀਆ ਦੀ ਵਰਤੋਂ ਸਾਡੇ ਵਾਤਾਵਰਨ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਲਈ, ਸਮਾਜਿਕ ਬੁਰਾਈਆਂ ਖ਼ਿਲਾਫ਼ ਜਾਗਰੂਕਤਾ ਲਈ ਅਤੇ ਸਮਾਜਿਕ ਸਮੱਸਿਆਵਾਂ ਨੂੰ ਉਜਾਗਰ ਕਰਨ ਲਈ ਕੀਤੀ ਜਾਵੇ ਤਾਂ ਇਹ ਸਾਡੇ ਸਮਾਜ ਦੀ ਨੁਹਾਰ ਬਦਲ ਸਕਦਾ ਹੈ। ਜ਼ਰੂਰਤ ਇਸ ਗੱਲ ਦੀ ਹੈ ਕਿ ਸੋਸ਼ਲ ਮੀਡੀਆ ਦੀ ਵਰਤੋਂ ਸੁਚੱਜੇ ਤਰੀਕੇ ਨਾਲ ਕੀਤੀ ਜਾਵੇ। ਇਹ ਸਾਡੇ ਆਪਸੀ ਸੰਪਰਕ ਵਿੱਚ ਸੌਖ ਲਈ ਬਣਾਇਆ ਗਿਆ ਸੀ ਨਾ ਕਿ ਇੱਕ ਦੂਜੇ ਦਾ ਨੁਕਸਾਨ ਕਰਨ ਲਈ। ਇਸ ਲਈ ਸੋਸ਼ਲ ਮੀਡੀਆ ਦੀ ਵਰਤੋਂ ਤਾਂ ਕਰੋ ਪਰ ਪੂਰੀ ਚੌਕਸੀ ਅਤੇ ਸੰਜਮ ਨਾਲ। ਜ਼ਰੂਰੀ ਨਹੀਂ ਹੈ ਕਿ ਸੋਸ਼ਲ ਮੀਡੀਆ ਦੇ ਸਾਰੇ ਦੁੱਖਦਾਈ ਪੱਖ ਹੀ ਹਨ। ਸੋਸ਼ਲ ਮੀਡੀਆ ਅੱਜ ਦੇ ਸਮੇਂ ਵਿੱਚ ਬਹੁਤ ਸਾਰੇ ਕੰਮਾਂ ਵਿੱਚ ਵੀ ਸਹਾਇਕ ਸਿੱਧ ਹੋ ਰਿਹਾ ਹੈ। ਆਪਣੀ ਗੱਲ ਸਮਾਜ ਵਿੱਚ ਪਹੁੰਚਾਉਣ ਦਾ ਇਹ ਇਕ ਉੱਤਮ ਜ਼ਰੀਆ ਹੈ, ਬਸ਼ਰਤੇ ਅਸੀਂ ਇਸਦੀ ਸਹੀ ਵਰਤੋਂ ਕਰੀਏ। ਸਹੀ ਜਾਣਕਾਰੀ ਲੋਕਾਂ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕਰੀਏ ਨਾ ਕਿ ਸਿਰਫ ਨੌਜਵਾਨਾਂ ਨੂੰ ਗੁੰਮਰਾਹ ਕਰਨ ਲਈ ਹੀ ਇਸਦੀ ਵਰਤੋਂ ਕਰੀਏ। ਇਸ ਲਈ ਸਾਨੂੰ ਸਮਾਜ ਪ੍ਰਤੀ ਆਪਣੇ ਫਰਜ਼ਾਂ ਨੂੰ ਪਛਾਨਣ ਦੀ ਲੋੜ ਹੈ।

ਸਟ੍ਰੋਕ ਇੱਕ ਡਾਕਟਰੀ ਐਮਰਜੈਂਸੀ ਹੈ, ਮਹਾਂਮਾਰੀ ਵਿੱਚ ਵੀ, 9-1-1 ਤੇ ਕਾਲ ਕਰੋ।

ਸਟਰੋਕ ਦੇ ਲੱਛਣਾਂ ਬਾਰੇ ਸਿੱਖੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫ਼ੋਨ ਕਰੋ!

ਜੇ ਸਟਰੋਕ ਦੇ ਲੱਛਣ ਵੇਖਦੇ ਹੋ ਤਾਂ ਜਲਦੀ 9-1-1 ਨੂੰ ਫੋਨ ਕਰੋ

heartandstroke.ca/Punjabi

Heart & Stroke™

With the support of BRITISH COLUMBIA

© Heart and Stroke Foundation of Canada, 2020 | ™The heart and / Icon on its own or followed by another icon or words are trademarks of the Heart and Stroke Foundation of Canada.

**J & S Insulation & Rebar Ltd.**



*Residential & Commercial*

Batt Insulation, Rigid Insulation, Insulate Sprinkler, Slab Insulation, Rebar, Poly, Styrofoam

**Quality Work, Free Estimates**
**Best Price**

**Sarbjit: 604.841.9849**

**SKY BLUE DRYWALL LTD.**

*Residential & Commercial*

T-Bar
Steel Stud
Boarding
Taping
Ceiling Texture
Renovation
Quality Work
Free Estimates



**Daljit Singh**
**778-549-3605**
E: singh.mand@icloud.com

ਯਾਦਾਂ ਦੇ ਝਰੋਖੇ 'ਚੋਂ...

# ਪੰਜਾਬੀ ਫ਼ਿਲਮਾਂ ਦਾ ਸੁਪਰ ਸਟਾਰ ਸਤੀਸ਼ ਕੌਲ

**ਮਨਦੀਪ ਸਿੰਘ ਸਿੱਧੂ**

ਪੰਜਾਬੀ ਫ਼ਿਲਮਾਂ ਦੇ ਸੁਪਰ ਸਟਾਰ ਰਹੇ ਸਤੀਸ਼ ਕੌਲ ਦੀ ਪੈਦਾਇਸ਼ 26 ਸਤੰਬਰ 1948 ਨੂੰ ਸ੍ਰੀਨਗਰ (ਕਸ਼ਮੀਰ) ਦੇ ਖ਼ੁਸ਼ਹਾਲ ਬ੍ਰਾਹਮਣ ਪਰਿਵਾਰ ਵਿਚ ਹੋਈ ਸੀ। ਇਨ੍ਹਾਂ ਦੇ ਪਿਤਾ ਮੋਹਨ ਲਾਲ ਐਮਾ ਦੂਰਦਰਸ਼ਨ, ਬੰਬੇ ਦੇ ਸਟੇਸ਼ਨ ਡਾਇਰੈਕਟਰ ਤੇ ਸੰਗੀਤ-ਨਿਰਦੇਸ਼ਕ ਸਨ। ਮਾਤਾ ਦਾ ਨਾਮ ਊਸ਼ਾ ਰਾਣੀ ਕੌਲ ਅਤੇ ਛੋਟੀ ਭੈਣ ਦਾ ਨਾਮ ਸੁਸ਼ਮਾ ਸੀ। ਸਤੀਸ਼ ਕੌਲ ਨੇ ਬੀ. ਏ. ਸ੍ਰੀਨਗਰ ਤੋਂ ਕੀਤੀ ਅਤੇ ਫਿਰ ਫ਼ਿਲਮਾਂ ਨਾਲ ਦਿਲਚਸਪੀ ਦੇ ਚੱਲਦਿਆਂ ਪੂਨੇ ਆ ਗਿਆ। ਪੂਨੇ ਵਿਚ ਸਤੀਸ਼ ਨੇ ਫ਼ਿਲਮ ਅਤੇ ਟੈਲੀਵਿਜ਼ਨ ਇੰਸਟੀਚਿਊਟ ਤੋਂ ਐਕਟਿੰਗ ਦਾ ਡਿਪਲੋਮਾ ਮੁਕੰਮਲ ਕਰਦਿਆਂ ਫ਼ਿਲਮ ਲਾਇਨ ਇਖ਼ਤਿਆਰ ਕਰ ਲਈ। ਉਸ ਦੀ ਪਹਿਲੀ ਹਿੰਦੀ ਫ਼ਿਲਮ ਆਰਟ ਮੇਕਰਜ਼, ਬੰਬੇ ਦੀ ਵੇਦ ਰਾਹੀ ਨਿਰਦੇਸ਼ਿਤ 'ਪ੍ਰੇਮ ਪਰਬਤ' (1973) ਸੀ। ਇਸ ਫ਼ਿਲਮ ਵਿਚ ਸਤੀਸ਼ ਕੌਲ ਨਵੇਂ ਹੀਰੋ ਵਜੋਂ ਮੁਤਆਰਿਫ਼ ਹੋਏ, ਜਿਸ ਦੇ ਰੂਬਰ ਅਦਾਕਾਰਾ ਰੇਹਾਨਾ ਸੁਲਤਾਨਾ ਆਪਣੇ ਫ਼ਨ ਦੀ ਨੁਮਾਇਸ਼ ਕਰ ਰਹੀ ਸੀ। ਪਰ ਇਹ ਫ਼ਿਲਮ ਕਾਫ਼ੀ ਤਲਾਸ਼ ਕਰਨ ਦੇ ਬਾਵਜੂਦ ਨਹੀਂ ਮਿਲੀ। ਇਸ ਤੋਂ ਬਾਅਦ ਉਸ ਨੇ 'ਅੰਗ ਸੇ ਅੰਗ ਲਗਾਨਾ' (1974) 'ਚ ਅਦਾਕਾਰਾ ਪ੍ਰੇਮਾ ਨਰਾਇਣ ਨਾਲ ਹੀਰੋ ਦਾ ਕਿਰਦਾਰ ਨਿਭਾਇਆ। ਹਿਦਾਇਤਕਾਰ ਸੁਭਾਸ਼ ਘਈ ਦੀ ਫ਼ਿਲਮ 'ਕਰਮਾ' (1986) ਵਿਚ ਉਸ ਨੇ ਨੂਤਨ ਤੇ ਦਲੀਪ ਕੁਮਾਰ ਦੇ ਪੁੱਤਰ 'ਸੁਨੀਲ ਪ੍ਰਤਾਪ ਸਿੰਘ' ਦਾ ਯਾਦਗਾਰੀ ਰੋਲ ਕੀਤਾ। ਲਕਸ਼ਮੀ ਕਾਂਤ ਪਿਆਰੇ ਲਾਲ ਦੇ ਸੰਗੀਤ ਵਿਚ ਸਤੀਸ਼ ਕੌਲ, ਨੂਤਨ, ਦਲੀਪ ਕੁਮਾਰ, ਸ਼ਸ਼ੀਪੁਰੀ ਤੇ ਸਾਥੀਆਂ 'ਤੇ ਫ਼ਿਲਮਾਇਆ ਗਿਆ ਦੇਸ਼ ਭਗਤੀ ਦਾ ਗੀਤ 'ਦਿਲ ਦੀਆ ਹੈ ਜਾਨ ਭੀ ਦੇਂਗੇ ਐ ਵਤਨ ਤੇਰੇ ਲੀਏ' (ਮੁਹੰਮਦ ਅਜ਼ੀਜ਼, ਕਵਿਤਾ ਕ੍ਰਿਸ਼ਨਾਮੂਰਤੀ) ਕਰਕੇ ਅੱਜ ਵੀ ਉਸ ਨੂੰ ਯਾਦ ਕੀਤਾ ਜਾਂਦਾ ਹੈ। ਫਿਰ ਉਸ ਨੇ ਹੋਰ ਕਈ ਹਿੰਦੀ ਫ਼ਿਲਮਾਂ ਵਿਚ ਹੀਰੋ ਤੇ ਸਹਾਇਕ ਹੀਰੋ ਦੇ ਕਿਰਦਾਰ ਨਿਭਾਏ, ਪਰ ਉਸ ਨੂੰ ਉਹ ਕਾਮਯਾਬੀ ਨਾ ਮਿਲ ਸਕੀ, ਜਿਸ ਦਾ ਉਹ ਅਸਲ ਹੱਕਦਾਰ ਸੀ ਜਾਂ ਉਮੀਦ ਰੱਖਦਾ ਸੀ। ਪਰ ਪੰਜਾਬੀ ਫ਼ਿਲਮਾਂ ਨੇ ਉਸ ਨੂੰ ਨਾਮ ਤੇ ਸ਼ੁਹਰਤ ਜ਼ਰੂਰ ਦਿੱਤੀ।

ਸਤੀਸ਼ ਕੌਲ ਦੀ ਪਹਿਲੀ ਪੰਜਾਬੀ ਫ਼ਿਲਮ ਪੀ. ਐੱਲ. ਫ਼ਿਲਮਜ਼, ਬੰਬੇ ਦੀ ਜੁਗਲ ਕਿਸ਼ੋਰ ਨਿਰਦੇਸ਼ਿਤ 'ਮੋਰਨੀ' (1975) ਸੀ। ਇਸ ਫ਼ਿਲਮ ਵਿਚ ਉਸ ਨੇ ਮਦਨਪੁਰੀ (ਹਵੇਲੀਰਾਮ) ਦੇ ਪੁੱਤਰ 'ਰਾਮੇਸ਼' ਦਾ ਕਿਰਦਾਰ ਅਦਾ ਕੀਤਾ, ਜਿਸ ਦੇ ਰੂਬਰੂ ਅਦਾਕਾਰਾ ਰਾਧਾ ਸਲੂਜਾ 'ਪਾਰੋ' ਦਾ ਪਾਰਟ ਅਦਾ ਕਰ ਰਹੀ ਸੀ। ਫ਼ਿਲਮਸਾਜ਼ ਤੇ ਕਹਾਣੀਨਵੀਸ ਪੀ. ਐੱਲ. ਸ਼ਰਮਾ, ਗੀਤ ਵਰਮਾ ਮਲਿਕ ਤੇ ਸੰਗੀਤ ਜੁਗਲ ਕਿਸ਼ੋਰ ਨੇ ਮੁਰੱਤਿਬ ਕੀਤਾ। ਫ਼ਿਲਮ ਵਿਚ ਸਤੀਸ਼ ਕੌਲ ਤੇ ਰਾਧਾ ਸਲੂਜਾ 'ਤੇ ਫ਼ਿਲਮਾਏ ਗੀਤ 'ਅੱਲੜ੍ਹ ਉਮਰ...ਮੈਂ ਕਹਿੰਦਾ ਸੱਚ ਕੁੜੀਏ' (ਮੁਹੰਮਦ ਰਫ਼ੀ, ਆਸ਼ਾ ਭੌਂਸਲੇ) ਤੇ 'ਤੇਰੇ ਅੰਦਰੋਂ ਮੈਲ ਨਾ ਜਾਵੇ ਤੀਰਥਾਂ 'ਤੇ ਜਾਣ ਵਾਲੀਏ' (ਮੁਹੰਮਦ ਰਫ਼ੀ, ਮੀਨੂੰ ਪੁਰਸ਼ੋਤਮ) ਗੀਤ ਹੱਦ ਦਰਜਾ ਮਕਬੂਲ ਹੋਏ। ਇਹ ਫ਼ਿਲਮ 16 ਜਨਵਰੀ 1976 ਨੂੰ ਗਗਨ ਸਿਨਮਾ, ਅੰਮ੍ਰਿਤਸਰ ਵਿਖੇ ਨੁਮਾਇਸ਼ ਹੋਈ ਤੇ ਹਿੱਟ ਫ਼ਿਲਮ ਕਰਾਰ ਪਾਈ। ਫ਼ਿਲਮਸਾਜ਼ ਤੇ ਹਿਦਾਇਤਕਾਰ ਸਤੀਸ਼ ਭਾਖੜੀ ਦੀ ਪੀ. ਐੱਲ. ਫ਼ਿਲਮਜ਼ ਇੰਟਰਨੈਸ਼ਨਲ, ਬੰਬੇ ਦੇ ਬੈਨਰ ਹੇਠ ਬਣੀ ਫ਼ਿਲਮ 'ਲੱਛੀ' (1977) ਵਿਚ ਸਤੀਸ਼ ਨੇ ਮਦਨਪੁਰੀ ਦੇ ਪੁੱਤਰ 'ਰਾਜੂ' ਦਾ ਕਿਰਦਾਰ ਨਿਭਾਇਆ। ਹਿੰਦੀ ਵਿਚ ਇਹ ਫ਼ਿਲਮ ਐੱਮ. ਕੇ. ਬੀ. ਫ਼ਿਲਮਜ਼, ਬੰਬੇ ਦੇ ਬੈਨਰ ਹੇਠ 'ਬਦਮਾਸ਼ੋਂ ਕਾ ਬਦਮਾਸ਼' (1979) ਦੇ ਸਿਰਲੇਖ ਹੇਠ ਡੱਬ ਹੋਈ। ਕਪੂਰ ਫ਼ਿਲਮਜ਼ ਇੰਟਰਨੈਸ਼ਨਲ, ਬੰਬੇ ਦੀ



ਫ਼ਿਲਮ 'ਪ੍ਰੇਮੀ ਗੰਗਾਰਾਮ' (1977) ਵਿਚ ਉਸ ਨੇ 'ਸਤੀਸ਼' ਦੀ ਭੂਮਿਕਾ, ਜਿਸ ਦੇ ਹਮਰਾਹ ਵਿੰਮੀ 'ਲੀਲਾ' ਦਾ ਪਾਰਟ ਕਰ ਰਹੀ ਸੀ। ਜਦੋਂ ਦਾਰਾ ਸਿੰਘ ਨੇ ਆਪਣੇ ਫ਼ਿਲਮਸਾਜ਼ ਅਦਾਰੇ ਦਾਰਾ ਪ੍ਰੋਡਕਸ਼ਨਜ਼, ਬੰਬੇ ਹੇਠ ਧਾਰਮਿਕ ਪੰਜਾਬੀ ਫ਼ਿਲਮ 'ਧਿਆਨੂੰ ਭਗਤ' (1978) ਬਣਾਈ ਤਾਂ ਉਸ ਨੇ 'ਸਤੀਸ਼' ਨਾਮੀ ਕਿਰਦਾਰ ਅਦਾ ਕੀਤਾ। ਦੀਪਕਲਾ ਪ੍ਰੋਡਕਸ਼ਨਜ਼, ਨਵੀਂ ਦਿੱਲੀ ਦੀ ਪਵਨ ਦੇਵ ਨਿਰਦੇਸ਼ਿਤ 'ਡੇਰਾ ਆਸ਼ਕਾਂ ਦਾ' (1979) 'ਚ ਸਤੀਸ਼ ਨੇ ਬੀ. ਕੇ. ਸੂਦ (ਹਜ਼ਾਰੀ ਲਾਲ) ਦੇ ਪੁੱਤਰ 'ਨਰੇਸ਼' ਦਾ ਕਿਰਦਾਰ ਨਿਭਾਇਆ। ਸਤੀਸ਼ ਤੇ ਪਦਮਿਨੀ ਕਪਿਲਾ 'ਤੇ ਫ਼ਿਲਮਾਏ ਗੀਤ 'ਯੌਵਨ ਦੇ ਪੀਂਘ ਹੁਲਾਰੇ' (ਮੁਹੰਮਦ ਰਫ਼ੀ, ਊਸ਼ਾ ਮੰਗੇਸ਼ਕਰ), 'ਇਕ ਇਕ ਅੱਖ ਤੇਰੀ ਸਵਾ ਲੱਖ ਦੀ' (ਮੁਹੰਮਦ ਰਫ਼ੀ) ਤੋਂ ਇਲਾਵਾ 'ਅੰਬਰਾਂ 'ਤੇ ਲਾਈਏ ਚੱਲ ਉਡਾਰੀ ਤੇ ਬੱਦਲਾਂ ਆਲ੍ਹਣਾ ਬਣਾਈਏ' (ਆਸ਼ਾ ਭੌਂਸਲੇ) ਗੀਤ ਬੜੇ ਮਕਬੂਲ ਹੋਏ। ਅਮਰੀਸ਼ ਐੱਲ. ਭਾਖੜੀ ਦੇ ਫ਼ਿਲਮਸਾਜ਼ ਅਦਾਰੇ ਭਾਖੜੀ ਫ਼ਿਲਮਜ਼, ਬੰਬੇ ਦੀ ਸਤੀਸ਼ ਭਾਖੜੀ ਨਿਰਦੇਸ਼ਿਤ ਫ਼ਿਲਮ 'ਜੱਟ ਪੰਜਾਬੀ' (1979) ਵਿਚ ਉਸ ਨੇ ਤਾਂਗੇਵਾਲੇ 'ਹੀਰਾ' ਦਾ ਪਾਰਟ ਅਦਾ ਕੀਤਾ, ਜਿਸ ਦੇ ਹਮਰਾਹ ਅਦਾਕਾਰਾ ਭਾਵਨਾ ਭੱਟ 'ਜੀਤੋ' ਦੇ ਕਿਰਦਾਰ ਵਿਚ ਮੌਜੂਦ ਸੀ। 22 ਨਵੰਬਰ 1980 ਨੂੰ ਚੰਦਾ ਸਿਨਮਾ ਅੰਮ੍ਰਿਤਸਰ 'ਚ ਨੁਮਾਇਸ਼ ਹੋਈ ਇਹ ਫ਼ਿਲਮ ਕਾਮਯਾਬ ਫ਼ਿਲਮ ਕਰਾਰ ਪਾਈ। ਬਲਦੇਵ ਸਿੰਘ ਚਹਿਲ ਤੇ ਓ. ਪੀ. ਸੱਯਰ ਦੇ ਫ਼ਿਲਮਸਾਜ਼ ਅਦਾਰੇ ਜੁਗਨੂੰ ਫ਼ਿਲਮਜ਼, ਬਠਿੰਡਾ ਦੀ ਸੁਰਿੰਦਰ ਸਿੰਘ ਨਿਰਦੇਸ਼ਿਤ ਫ਼ਿਲਮ 'ਮੁਟਿਆਰ' (1979) 'ਚ ਸਤੀਸ਼ ਕੌਲ ਨੇ ਰਾਜਨ ਹਕਸਰ ਦੇ ਛੋਟੇ ਭਰਾ 'ਚੰਦਰ' ਦਾ ਪਾਰਟ ਅਦਾ ਕੀਤਾ। ਸਨਰਾਈਜ਼ ਇੰਟਰਪ੍ਰਾਈਸਜ਼, ਬੰਬੇ ਦੀ ਬੂਟਾ ਸਿੰਘ ਸ਼ਾਦ ਨਿਰਦੇਸ਼ਿਤ ਫ਼ਿਲਮ 'ਸੈਦਾਂ ਜੋਗਨ' (1979) ਵਿਚ ਉਸ ਨੇ 'ਪ੍ਰੀਤਮ' ਦਾ ਰੋਲ ਕੀਤਾ, ਜਿਸ ਦੇ ਮੁਕਾਬਿਲ ਅਦਾਕਾਰਾ ਦਲਜੀਤ ਕੌਰ ਡਬਲ ਕਿਰਦਾਰ 'ਚੋਂ ਇਕ ਵਿਚ 'ਅੰਜੂ' ਦਾ ਪਾਰਟ ਨਿਭਾ ਰਹੀ ਸੀ। ਦੂਜੇ ਹੀਰੋ ਵਜੋਂ ਵਰਿੰਦਰ ਤੇ ਦਲਜੀਤ ਕੌਰ ਦੀ ਜੋੜੀ ਮੌਜੂਦ ਸੀ। ਮੁਹੰਮਦ ਸਦੀਕ ਦੇ ਸੰਗੀਤ ਵਿਚ ਬਾਬੂ ਸਿੰਘ ਮਾਨ ਦੇ ਲਿਖੇ ਸਤੀਸ਼ ਕੌਲ ਤੇ ਦਲਜੀਤ ਕੌਰ 'ਤੇ ਫ਼ਿਲਮਾਏ 'ਹੱਸ ਬੱਲੀਏ ਨਹੀਂ ਹੱਸਣਾ' (ਮੁਹੰਮਦ ਰਫ਼ੀ, ਰਣਜੀਤ ਕੌਰ), 'ਆਹ ਲੈ ਸਾਂਭ ਲੈ ਨੀਂ ਸੈਦੇ ਦੀਏ ਨਾਰੇ' (ਕਰਤਾਰ ਰਮਲਾ, ਕੁਲਦੀਪ ਮਾਣਕ) ਤੇ ਇਕ ਪੁਰਦਰਦ ਗੀਤ 'ਤੇਰਾ ਕੋਈ ਨਈ

> ਉਸ ਦੀ ਪਹਿਲੀ ਹਿੰਦੀ ਫ਼ਿਲਮ ਆਰਟ ਮੇਕਰਜ਼, ਬੰਬੇ ਦੀ ਵੇਦ ਰਾਹੀ ਨਿਰਦੇਸ਼ਿਤ 'ਪ੍ਰੇਮ ਪਰਬਤ' (1973) ਸੀ। ਇਸ ਫ਼ਿਲਮ ਵਿਚ ਸਤੀਸ਼ ਕੌਲ ਨਵੇਂ ਹੀਰੋ ਵਜੋ ਮੁਤਆਰਿਫ਼ ਹੋਏ, ਜਿਸ ਦੇ ਰੂਬਰ ਅਦਾਕਾਰਾ ਰੇਹਾਨਾ ਸੁਲਤਾਨਾ ਆਪਣੇ ਫ਼ਨ ਦੀ ਨੁਮਾਇਸ਼ ਕਰ ਰਹੀ ਸੀ। ਪਰ ਇਹ ਫ਼ਿਲਮ ਕਾਫ਼ੀ ਤਲਾਸ਼ ਕਰਨ ਦੇ ਬਾਵਜੂਦ ਨਹੀਂ ਮਿਲੀ। ਇਸ ਤੋਂ ਬਾਅਦ ਉਸ ਨੇ 'ਅੰਗ ਸੇ ਅੰਗ ਲਗਾਨਾ' (1974) 'ਚ ਅਦਾਕਾਰਾ ਪ੍ਰੇਮਾ ਨਰਾਇਣ ਨਾਲ ਹੀਰੋ ਦਾ ਕਿਰਦਾਰ ਨਿਭਾਇਆ। ਹਿਦਾਇਤਕਾਰ ਸੁਭਾਸ਼ ਘਈ ਦੀ ਫ਼ਿਲਮ 'ਕਰਮਾ' (1986) ਵਿਚ ਉਸ ਨੇ ਨੂਤਨ ਤੇ ਦਲੀਪ ਕੁਮਾਰ ਦੇ ਪੁੱਤਰ 'ਸੁਨੀਲ ਪ੍ਰਤਾਪ ਸਿੰਘ' ਦਾ ਯਾਦਗਾਰੀ ਰੋਲ ਕੀਤਾ।

ਓ ਬੇਲੀ ਤੇਰਾ ਕੋਈ ਨਈਓ ਯਾਰ' (ਮੁਹੰਮਦ ਰਫ਼ੀ) ਗੀਤ ਬੜੇ ਹਿੱਟ ਹੋਏ।

ਐੱਮ. ਜੇ. ਯੂ. ਫ਼ਿਲਮਜ਼, ਬੰਬੇ ਦੀ ਸੁਭਾਸ਼ ਸੀ. ਭਾਖੜੀ ਨਿਰਦੇਸ਼ਿਤ ਫ਼ਿਲਮ 'ਗੋਰੀ ਦੀਆਂ ਝਾਂਜਰਾਂ' (1980) ਵਿਚ ਉਸ ਨੇ 'ਸਤੀਸ਼' ਦਾ ਕਿਰਦਾਰ ਨਿਭਾਇਆ। ਕਮਲਜੀਤ ਸਿੰਘ ਕਵਾਤੜਾ ਦੇ ਫ਼ਿਲਮਸਾਜ਼ ਅਦਾਰੇ ਕਵਾਤੜਾ ਮੂਵੀਜ਼, ਬੰਬੇ ਦੀ ਚਮਨ ਨੀਲੈ ਨਿਰਦੇਸ਼ਿਤ 'ਦੋ ਪੋਸਤੀ' (1981) 'ਚ ਉਸ ਨੇ ਮਹਿਮਾਨ ਭੂਮਿਕਾ ਨਿਭਾਈ। ਸਰਦੂਲ ਕਵਾਤੜਾ ਦੇ ਸੰਗੀਤ ਵਿਚ ਵਰਮਾ ਦਾ ਲਿਖਿਆ 'ਨੱਚ ਸੋਹਣਿਆ ਓ ਮੇਰੇ ਯਾਰ ਦੀ ਬਰਾਤ' (ਮੁਹੰਮਦ ਰਫ਼ੀ) ਸਤੀਸ਼ ਕੌਲ ਤੇ ਸਾਥੀਆਂ 'ਤੇ ਫ਼ਿਲਮਾਇਆ ਬਹੁਤ ਮਸ਼ਹੂਰ ਵਿਆਹ ਗੀਤ ਸੀ। ਨਗ਼ਮਾਨਿਗਾਰ ਬਲਬੀਰ ਨਿਰਦੋਸ਼ ਦੇ ਫ਼ਿਲਮਸਾਜ਼ ਅਦਾਰੇ ਜਗਦੇਵਾ ਫ਼ਿਲਮਜ਼, ਬੰਬੇ ਦੀ ਸਤੀਸ਼ ਭਾਖੜੀ ਨਿਰਦੇਸ਼ਿਤ ਧਾਰਮਿਕ ਫ਼ਿਲਮ 'ਜੈ ਬਾਬਾ ਬਾਲਕ ਨਾਥ' (1981) 'ਚ ਸਤੀਸ਼ ਕੌਲ ਨੇ 'ਸੁਰਿੰਦਰ' ਦਾ ਤੇ ਅਰਪਣਾ ਚੌਧਰੀ 'ਆਸ਼ਾ' ਦਾ ਪਾਰਟ ਅਦਾ ਕਰ ਰਹੀ ਸੀ। ਦੋਵਾਂ 'ਤੇ ਫ਼ਿਲਮਾਇਆ ਬਲਬੀਰ ਨਿਰਦੋਸ਼ ਦਾ ਲਿਖਿਆ ਤੇ ਸੁਰਿੰਦਰ ਕੋਹਲੀ ਦਾ ਸੰਗੀਤਬੱਧ ਖ਼ਿਆਲੀ ਗੀਤ 'ਅੱਖ ਮੇਰੇ ਯਾਰ ਦੀ ਦੁਖੇ ਲਾਲੀ ਤੇਰੀਆਂ ਵਿਚ ਰੜਕੇ' (ਮੁਹੰਮਦ ਰਫ਼ੀ, ਦਿਲਰਾਜ ਕੌਰ) ਵੀ ਬੜਾ ਹਿੱਟ ਹੋਇਆ।

*(ਬਾਕੀ ਅਗਲੇ ਅੰਕ ਵਿਚ)*

GLOBAL INSURANCE

"WE SECURE YOUR VALUES"

Specialist in :
• Home Owners • Business
• Farm • Fleet • Prorate
• Cargo • Visitor to Canada
• ICBC Auto • Travel Medical
• Liability • Tenants
• Private Motorcycle • Boat
• Course of Construction
• Commercial Property
• Rental Home • High Value Homes

• ਘਰ • ਵਿਉਪਾਰ • ਫਾਰਮ • ਫਲੀਟ • ਪਰੋਰੇਟ • ਕਾਰਗੋ
• ਵੈਨ, ਕਾਰ, ਟਰੱਕ • ਟਰੈਵਲ ਮੈਡੀਕਲ
• ਕਿਰਾਏਦਾਰ • ਪ੍ਰਾਈਵੇਟ ਮੋਟਰਸਾਈਕਲ
• ਬੋਟ/ਕਿਸ਼ਤੀ • ਕੰਸਟਰਕਸ਼ਨ • ਕਮਰਸ਼ੀਅਲ ਪ੍ਰਾਪਰਟੀ
• ਰੈਂਟਲ ਘਰ • ਹਾਈ ਵੈਲਿਊ ਵਾਲੇ ਘਰ ਦੀ ਇੰਸ਼ੋਰੈਂਸ
• ਵਿਜ਼ਟਰ ਤੇ ਨਵੇਂ ਇੰਮੀਗਰਾਂਟਸ ਦੀ ਮੈਡੀਕਲ ਇੰਸ਼ੋਰੈਂਸ




GULSHARAN S. WALIA HARVINDER WALIA KANWAR (SUNNY) WALIA

Autoplan
New Producers Welcome

Call Now For
SUPER VISA INSURANCE
ਤੁਹਾਡੀ ਸੇਵਾ ਲਈ ਦਫ਼ਤਰ ਹਫ਼ਤੇ ਦੇ ਸੱਤੇ ਦਿਨ ਹੀ ਖੁੱਲ੍ਹਾ ਰਹਿੰਦਾ ਹੈ

ਤੁਹਾਡੀ ਸੇਵਾ ਲਈ ਦਫ਼ਤਰ ਹਫ਼ਤੇ ਦੇ ਸੱਤੇ ਦਿਨ ਹੀ ਖੁੱਲ੍ਹਾ ਰਹਿੰਦਾ ਹੈ
Open 7 Days a Week

ਸੁਪਰ ਵੀਜ਼ਾ ਇੰਸ਼ੋਰੈਂਸ ਲਈ
ਅੱਜ ਹੀ ਫੋਨ ਕਰੋ
www.globalins.ca

3 LOCATIONS TO SERVE YOU :

#101 - 2464 Clearbrook Rd.
Abbotsford, BC V2T 2X8
604-852-8111
Fax: 604-852-4446

#102 - 18408 64th Ave.
Surrey, BC V3S 1E9
604-574-5115
Fax: 604-574-5116

#115 - 6820 188th St.
Surrey, BC V4N 3G6
604-574-1771
Fax: 604-574-1761

# ਚੰਗੀ ਲਿਖਤ ਸਮੇਂ ਦੀ ਲੋੜ-ਬੋਮਨ ਇਰਾਨੀ

ਮੁੰਬਈ-ਬੌਲੀਵੁੱਡ ਅਦਾਕਾਰ ਬੋਮਨ ਇਰਾਨੀ ਦਾ ਮੰਨਣਾ ਹੈ ਕਿ ਚੰਗੀ ਲਿਖਤ ਸਮੇਂ ਦੀ ਲੋੜ ਹੈ। ਅਜਿਹੇ ਸਮੇਂ ਜਦੋਂ ਓਟੀਟੀ ਪਲੇਟਫਾਰਮ ਦਰਸ਼ਕਾਂ ਨੂੰ ਕਈ ਤਰ੍ਹਾਂ ਦੇ ਵਿਕਲਪ ਪ੍ਰਦਾਨ ਕਰਦਾ ਹੈ ਤਾਂ ਦਰਸ਼ਕਾਂ ਦੀ ਰੁਚੀ ਬਣਾਈ ਰੱਖਣ ਲਈ ਚੰਗੀ ਲਿਖਤ ਜ਼ਰੂਰੀ ਹੈ। ਬੋਮਨ ਇਰਾਨੀ ਨੇ ਕਿਹਾ, 'ਓਟੀਟੀ ਪਲੇਟਫਾਰਮ ਸਿਰਫ ਲੇਖਕਾਂ ਨੂੰ ਹੀ ਨਹੀਂ, ਸਗੋਂ ਅਦਾਕਾਰਾਂ ਅਤੇ ਤਕਨੀਸ਼ੀਅਨਾਂ ਨੂੰ ਵੀ ਮੌਕਾ ਦਿੰਦਾ ਹੈ। ਹਾਲਾਂਕਿ, ਓਟੀਟੀ 'ਤੇ ਹਜ਼ਾਰਾਂ ਵਿਕਲਪ ਹਨ। ਜੇ ਤੁਸੀਂ ਦਰਸ਼ਕਾਂ ਨੂੰ ਪ੍ਰਭਾਵਿਤ ਨਹੀਂ ਕਰ ਸਕਦੇ ਤਾਂ ਇਸ ਨੂੰ ਰੱਦ ਕਰਨ ਵਿੱਚ 10 ਤੋਂ 15 ਮਿੰਟ ਲੱਗਦੇ ਹਨ। ਚੰਗੀ ਲਿਖਤ ਨਾਲ ਇਸ ਤੋਂ ਬਚਿਆ ਜਾ ਸਕਦਾ ਹੈ, ਜੋ ਬਾਕੀ ਸ਼ੋਅਜ਼ 'ਤੇ ਵੀ ਲਾਗੂ ਹੁੰਦੀ ਹੈ। ਲਿਖਤ ਓਟੀਟੀ ਪਲੇਟਫਾਰਮ 'ਤੇ ਸੁਪਰਸਟਾਰ ਬਣ ਗਈ ਹੈ।' ਆਈਏਐੱਨਐੱਸ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਆਖਿਆ, 'ਜੇ ਤੁਹਾਡੀ ਸਕ੍ਰਿਪਟ ਚੰਗੀ ਨਹੀਂ ਹੈ ਤਾਂ ਤੁਹਾਡੀ ਅਦਾਕਾਰੀ ਵੀ ਚੰਗੀ ਨਹੀਂ ਹੋਵੇਗੀ ਅਤੇ ਮੈਂ ਇਹ ਗੱਲ ਫ਼ਿਲਮਾਂ ਦੀ ਵੱਡੇ ਪਰਦੇ 'ਤੇ ਰਿਲੀਜ਼ ਬਾਰੇ ਵੀ ਕਹਿੰਦਾ ਹਾਂ। ਤੁਹਾਨੂੰ ਕਮਜ਼ੋਰ ਕਹਾਣੀਆਂ ਕਿਉਂ ਚਾਹੀਦੀਆਂ ਹਨ? ਮਹਿਜ਼ ਥੀਏਟਰ 'ਚ ਥਾਂ ਲਈ?' ਇਹ ਪੁੱਛਣ 'ਤੇ ਕਿ ਕੀ ਓਟੀਟੀ ਪਲੇਟਫਾਰਮ ਵੱਡੇ ਪਰਦੇ ਦੇ ਤਜਰਬੇ ਨੂੰ ਬਦਲ ਦੇਵੇਗਾ ਤਾਂ ਅਭਿਨੇਤਾ ਨੇ ਜਵਾਬ ਦਿੱਤਾ, 'ਜਦੋਂ ਟੈਲੀਵਿਜ਼ਨ ਆਇਆ ਤਾਂ ਇਕ ਵਾਰ ਸਿਨੇਮਾਘਰਾਂ ਵਿੱਚ ਭੀੜ ਘਟ ਗਈ ਸੀ ਪਰ ਮੁੜ ਲੋਕਾਂ ਨੇ ਸਿਨੇਮਾ ਵੱਲ ਰੁਖ ਕੀਤਾ। ਮੈਨੂੰ ਲੱਗਦਾ ਹੈ ਕਿ ਵੱਡਾ ਪਰਦਾ ਬਿਲਕੁਲ ਵੱਖਰਾ ਤਜਰਬਾ ਹੈ। ਫਿਲਮਾਂ ਵੱਡੇ ਪਰਦੇ ਲਈ ਬਣੀਆਂ ਹਨ। ਮੈਨੂੰ ਨਹੀਂ ਲੱਗਦਾ ਕਿ ਇਸ ਨੂੰ ਬਦਲਿਆ ਜਾ ਸਕਦਾ ਹੈ ਕਿਉਂਕਿ ਇਹ ਪਰਿਵਾਰਕ ਤਜਰਬਾ ਹੈ, ਜਿਸ ਦੀ ਲੋਕ, ਖਾਸ ਤੌਰ 'ਤੇ ਭਾਰਤੀ ਉਡੀਕ ਕਰਦੇ ਹਨ। ਇੱਕ ਵਿਸ਼ਾਲ ਪਰਦਾ ਅਤੇ ਸ਼ਾਨਦਾਰ ਧੁਨੀ ਹਮੇਸ਼ਾ ਲਈ ਕਿਸੇ ਉਸ ਚੀਜ਼ ਨਾਲ ਨਹੀਂ ਮਿਟਾਈ ਜਾ ਸਕਦੀ, ਜੋ ਤੁਹਾਡੇ ਫੋਨ 'ਤੇ ਪ੍ਰਦਰਸ਼ਿਤ ਹੁੰਦੀ ਹੈ।'



# ਸੁਸ਼ਾਂਤ ਡੈੱਥ ਕੇਸ ਤੋਂ ਪ੍ਰੇਰਿਤ ਫਿਲਮ ਦਾ ਟੀਜ਼ਰ ਰਿਲੀਜ਼

ਸੁਸ਼ਾਂਤ ਸਿੰਘ ਰਾਜਪੂਤ ਡੈੱਥ ਕੇਸ ਤੋਂ ਪ੍ਰੇਰਿਤ ਆਉਣ ਵਾਲੀ ਫਿਲਮ 'ਨਿਆਂ : ਦ ਜਸਟਿਸ' ਦਾ ਟੀਜ਼ਰ ਬੀਤੇ ਦਿਨੀਂ ਰਿਲੀਜ਼ ਕੀਤਾ ਗਿਆ। 58 ਸੈਕਿੰਡ ਦੇ ਇਸ ਟੀਜ਼ਰ ਵਿੱਚ ਹਰ ਸੀਨ ਸੁਸ਼ਾਂਤ ਦੀ ਮੌਤ ਨਾਲ ਜੁੜੇ ਘਟਨਾਕ੍ਰਮਾਂ ਦੀ ਯਾਦ ਦਿਵਾਉਂਦਾ ਹੈ। ਕਹਾਣੀ ਠੀਕ ਉਵੇਂ ਹੀ ਚੈਨਲਾਂ ਉਤੇ ਆਈ ਬ੍ਰੇਕਿੰਗ ਨਿਊਜ਼ ਨਾਲ ਸ਼ੁਰੂ ਹੁੰਦੀ ਹੈ, ਜਿਸ ਤਰ੍ਹਾਂ 14 ਜੂਨ ਦੀ ਦੁਪਹਿਰ ਅਚਾਨਕ ਆਈ ਖਬਰ ਨੇ ਸਭ ਨੂੰ ਹੈਰਾਨੀ ਵਿੱਚ ਪਾ ਦਿੱਤਾ ਸੀ। ਮੇਕਰਸ ਨੇ ਇਸ ਨੂੰ ਸੁਸ਼ਾਂਤ ਕੇਸ ਨਾਲ ਜੋੜਨ ਲਈ ਉਸ ਦੀ ਮੌਤ ਦੇ ਬਾਅਦ ਵਾਇਰਲ ਹੋਈ ਫੋਟੋ ਦੀ ਤਰ੍ਹਾਂ ਲੀਡ ਐਕਟਰ ਦੇ ਸੀਨ ਰੱਖੇ ਹਨ। ਦਲੀਪ ਗੁਲਾਟੀ ਦੀ ਲਿਖੀ ਅਤੇ ਉਨ੍ਹਾਂ ਦੇ ਨਿਰਦੇਸ਼ਨ ਵਿੱਚ ਬਣੀ ਇਹ ਫਿਲਮ 11 ਜੂਨ ਨੂੰ ਸਿਨੇਮਾਘਰਾਂ ਵਿੱਚ ਰਿਲੀਜ਼ ਹੋਵੇਗੀ। ਮੇਕਰਸ ਇਹ ਫਿਲਮ ਸੁਸ਼ਾਂਤ ਨੂੰ ਸ਼ਰਧਾਂਜਲੀ ਦੇ ਰੂਪ ਵਿੱਚ ਰਿਲੀਜ਼ ਕਰਨਗੇ। ਫਿਲਮ ਵਿੱਚ ਮੁੱਖ ਕਿਰਦਾਰ ਜ਼ੁਬੇਰ ਖਾਨ ਅਤੇ ਸ਼੍ਰੇਆ ਸ਼ੁਕਲਾ ਨਿਭਾ ਰਹੇ ਹਨ।





# ਐਸ਼ਵਰਿਆ ਤੇ ਅਭਿਸ਼ੇਕ ਨੇ ਵੀਡੀਓ ਕਾਲ ਰਾਹੀਂ ਮਨਾਈ ਵਿਆਹ ਦੀ ਵਰ੍ਹੇਗੰਢ

ਮੁੰਬਈ-ਬੌਲੀਵੁੱਡ ਅਦਾਕਾਰਾ ਐਸ਼ਵਰਿਆ ਰਾਏ ਬੱਚਨ ਨੇ ਅੱਜ ਸੋਸ਼ਲ ਮੀਡੀਆ 'ਤੇ ਪ੍ਰਸ਼ੰਸਕਾਂ ਨਾਲ ਆਪਣੀ ਵਿਆਹ ਵਰ੍ਹੇਗੰਢ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ। ਐਸ਼ਵਰਿਆ ਅਤੇ ਅਦਾਕਾਰ ਅਭਿਸ਼ੇਕ ਬੱਚਨ ਨੇ ਬੀਤੇ ਦਿਨ ਆਪਣੇ ਵਿਆਹ ਦੀ 14ਵੀਂ ਵਰ੍ਹੇਗੰਢ ਮਨਾਈ ਸੀ। ਅੱਜ ਇੰਸਟਾਗ੍ਰਾਮ 'ਤੇ ਐਸ਼ਵਰਿਆ ਨੇ ਇੱਕ ਤਸਵੀਰ ਸਾਂਝੀ ਕੀਤੀ, ਜਿਸ ਵਿੱਚ ਉਹ ਆਪਣੀ ਧੀ ਨਾਲ ਦਿਖਾਈ ਦੇ ਰਹੀ ਹੈ ਅਤੇ ਇਸ ਤਸਵੀਰ ਵਿੱਚ ਅਭਿਸ਼ੇਕ ਉਨ੍ਹਾਂ ਨਾਲ ਵੀਡੀਓ ਕਾਲ ਰਾਹੀਂ ਜੁੜਦੇ ਨਜ਼ਰ ਆ ਰਹੇ ਹਨ। ਐਸ਼ਵਰਿਆ ਨੇ ਤਸਵੀਰ ਦੇ ਹੇਠਾਂ ਦਿਲ ਵਾਲੀ ਇਮੋਜ਼ੀ ਪੋਸਟ ਕੀਤੀ ਹੈ। ਇਹ ਜੋੜਾ ਅਭਿਸ਼ੇਕ ਦੀ ਮੁੰਬਈ ਸਥਿਤ ਰਿਹਾਇਸ਼ ਪ੍ਰਤੀਕਸ਼ਾ 'ਤੇ 20 ਅਪਰੈਲ, 2007 ਨੂੰ ਵਿਆਹ ਦੇ ਬੰਧਨ ਵਿੱਚ ਬੱਝਿਆ ਸੀ। ਟੀਨਾ ਅੰਬਾਨੀ ਨੇ ਵੀ ਅੱਜ ਸੋਸ਼ਲ ਮੀਡੀਆ 'ਤੇ ਜੋੜੇ ਦੀ ਤਸਵੀਰ ਸਾਂਝੀ ਕਰਦਿਆਂ ਵਿਆਹ ਵਰ੍ਹੇਗੰਢ ਦੀ ਵਧਾਈ ਦਿੱਤੀ। ਉਸ ਨੇ ਲਿਖਿਆ, "ਯਕੀਨ ਨਹੀਂ ਹੋ ਰਿਹਾ ਕਿ ਤੁਹਾਡੇ ਵਿਆਹ ਨੂੰ 14 ਸਾਲ ਹੋ ਗਏ! ਹਾਲੇ ਵੀ ਪਿਆਰ ਵਿੱਚ ਪਾਗਲ, ਬੇਹੱਦ ਖੂਬਸੂਰਤ ਅਤੇ ਅਰਾਧਿਆ ਦੇ ਸ਼ਾਨਦਾਰ ਮਾਪੇ। ਦੁਆਵਾਂ ਅਤੇ ਢੇਰ ਸਾਰਾ ਪਿਆਰ... ਵਿਆਹ ਵਰ੍ਹੇਗੰਢ ਦੀ ਵਧਾਈ।"

# 'ਤੂਫਾਨ' ਮੇਰੇ ਲਈ ਡ੍ਰੀਮ ਪ੍ਰੋਜੈਕਟ ਤੋਂ ਘੱਟ ਨਹੀਂ-ਮ੍ਰਿਣਾਲ ਠਾਕੁਰ

ਅੱਜ ਤੋਂ ਅੱਠ ਸਾਲ ਪਹਿਲਾਂ ਡਾਇਰੈਕਟਰ ਰਾਕੇਸ਼ ਓਮ ਪ੍ਰਕਾਸ਼ ਮਹਿਰਾ ਦੀ ਫਿਲਮ 'ਭਾਗ ਮਿਲਖਾ ਭਾਗ' ਦੇਖਣ ਪਿੱਛੋਂ ਮ੍ਰਿਣਾਲ ਠਾਕੁਰ ਨੇ ਉਨ੍ਹਾਂ ਦੇ ਨਾਲ ਕੰਮ ਕਰਨ ਦੀ ਇੱਛਾ ਪ੍ਰਗਟਾਈ ਸੀ ਅਤੇ ਮ੍ਰਿਣਾਲ ਉਨ੍ਹਾਂ ਦੀ ਅਗਲੀ ਫਿਲਮ 'ਤੂਫਾਨ' ਵਿੱਚ ਲੀਡ ਰੋਲ ਵਿੱਚ ਹੈ। ਖਾਸ ਗੱਲ ਇਹ ਕਿ ਇਸ ਫਿਲਮ ਵਿੱਚ ਉਸ ਦੇ ਆਪੋਜਿਟ 'ਭਾਗ ਮਿਲਖਾ ਭਾਗ' ਦੇ ਲੀਡ ਐਕਟਰ ਫਰਹਾਨ ਅਖਥਰ ਹੀ ਹੋਣਗੇ। ਮ੍ਰਿਣਾਲ ਖੁਦ ਨੂੰ ਖੁਸ਼ਕਿਸਮਤ ਮੰਨਦੀ ਹੈ ਕਿ ਉਸ ਨੂੰ ਦੋਵਾਂ ਦੇ ਨਾਲ ਕੰਮ ਕਰਨ ਦਾ ਮੌਕਾ ਮਿਲਿਆ ਹੈ। ਮ੍ਰਿਣਾਲ ਦਾ ਕਹਿਣਾ ਹੈ, "ਮੈਨੂੰ ਯਾਦ ਹੈ ਕਿ ਆਪਣੇ ਕਾਲਜ ਦੇ ਦਿਨਾਂ ਵਿੱਚ ਮੈਂ 'ਭਾਗ ਮਿਲਖਾ ਭਾਗ' ਇੱਕ ਥੀਏਟਰ ਵਿੱਚ ਇਕੱਲੇ ਦੇਖੀ ਸੀ ਅਤੇ ਮੈਂ ਬਹੁਤ ਵੱਡਾ ਨੋਟ ਲਿਖਿਆ ਸੀ ਇਹ ਸੋਚ ਕੇ ਕਿ ਰਾਕੇਸ਼ ਸਰ ਇੱਕ ਦਿਨ ਮੇਰਾ ਮੈਸੇਜ ਪੜ੍ਹਨਗੇ। ਉਸ ਸਮੇਂ ਮੈਨੂੰ ਇਹ ਨਹੀਂ ਸੀ ਪਤਾ ਕਿ ਇੱਕ ਦਿਨ ਮੈਂ ਅਭਿਨੇਤਰੀ ਬਣਾਂਗੀ, ਪਰ ਅੱਜ ਉਨ੍ਹਾਂ ਨਾਲ ਕੰਮ ਕਰ ਰਹੀ ਹਾਂ ਅਤੇ ਇਹ ਮੇਰੇ ਲਈ ਕਿਸੇ ਡ੍ਰੀਮ ਪ੍ਰੋਜੈਕਟ ਤੋਂ ਘੱਟ ਨਹੀਂ, ਖਾਸਕਰ ਜਦ ਤੁਹਾਡੇ ਨਾਲ ਫਰਹਾਨ ਅਤੇ ਰਾਕੇਸ਼ ਸਰ ਦਾ ਕੰਬੀਨੇਸ਼ਨ ਹੋਵੇ। ਦੱਸਣਾ ਬਣਦਾ ਹੈ ਕਿ ਸਪੋਰਟਸ ਡਰਾਮਾ 'ਤੂਫਾਨ' ਦਾ ਪ੍ਰੀਮੀਅਰ ਅਮੇਜ਼ਨ ਪ੍ਰਾਈਮ ਵੀਡੀਓ 'ਤੇ 21 ਮਈ ਨੂੰ ਹੋਵੇਗਾ।




DEAN PHARMACY
Your Trusted Family Pharmacy

• Diabetes Consults
• Blood Pressure Monitoring
• Free Blister Packing

We Can Help You Quit Smoking For Free (See Pharmacist)

Non-Contact Forehead Thermometer now available

HAND SANITIZERS, FACE MASKS & SHIELDS AVAILABLE

FREE DELIVERY

HOME CARE
Nursing Available
Daily/ Weekly Service Options

Medication Administration
Blood Pressure checks
Blood Glucose checks
Insulin Injection




Halal - Vegetarian Gluten Free Vitamins and Supplements


Lowest Prices Guaranteed

CURBSIDE PICKUP NOW AVAILABLE

Come see your family pharmacist for professional and personalized care

We Speak Hindi and Punjabi

778-564-DEAN(3326)



FAISEL DEAN (BSc.Pharm)

102-6844 King George Blvd. Surrey, BC V3W 4Z9
Fax: 778.564.3777 | www.deanpharmacy.com | info@deanpharmacy.com

Gold key INSURANCE

Number 1 in the Community for 25 Years.

Explore Your Options

Home | Condo | Rental | Tenants
Business | CGL Liability | Property
Trucking | Cargo | Fleet |Equipment
Construction | Contractor | Farm
Travel | Super Visa | Medical
Auto | Marine | Motorcycle
and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

TEL : 604 502 0441

ICBC Online and Delivery available.

ਪੰਜਾਬੀ
हिंदी

| | | | |
|---|---|---|---|
| SURREY<br>(604) 502 - 0441<br>FAX (604) 502-0417 | 5-8430 128TH ST.<br>SURREY, BC<br>V3W 4G3 | MON-FRI<br>SATURDAY<br>SUNDAY | 8 AM - 8 PM<br>9 AM - 6 PM<br>9 AM - 5 PM |
| VANCOUVER<br>(604) 325 - 1241<br>FAX (604) 325-1414 | 4038 KNIGHT ST.<br>VANCOUVER, BC<br>V5N 5Y7 | MON-FRI<br>SATURDAY<br>SUNDAY | 9 AM - 8 PM<br>9 AM - 5 PM<br>9 AM - 5 PM |

ICBC autoplan

OPEN 7 DAYS

www.goldkeyinsurance.ca

# Rajan MANGOES exclusively available at fruiticana

SINCE 1994

## LOWEST PRICES IN TOWN

### Extra Extra Super Special

**RAJAN MANGOES**
ਰਾਜਨ ਹੇਡਨ ਅੰਬ (HADEN) 4 kg
**$12.98 BOX**

*Number of pieces depends on the weight

Large Eggplants
ਵੱਡੇ ਬਤਾਊਂ
2 for $1.50

Red Onions 25 lbs
ਲਾਲ ਗੰਢੇ
$9.98 bag

Broccoli Crown
ਬਰੌਕਲੀ ਕਰਾਊਨ
98¢ lb

Zucchini Squash
ਜ਼ੁਕੀਨੀ ਸਕੁਐਸ਼
79¢ lb

Red or Green Seedless Grapes
ਅੰਗੂਰ ਲਾਲ ਜਾਂ ਹਰੇ (ਬਿਨਾਂ ਬੀਜ ਤੋਂ)
$1.49 lb

Green Cabbage
ਹਰੀ ਬੰਦ ਗੋਭੀ
49¢ lb

Pesi Gur Plain 2 lbs
ਪੇਸ਼ੀ ਗੁੜ
$3.99 pkg.

Daikon (Mooli)
ਮੂਲੀ
88¢ lb

Extra Super Super Special
Round or Roma Tomatoes
ਗੋਲ ਜਾਂ ਰੋਮਾ ਟਮਾਟਰ
79¢ lb

Extra Super Super Special
Fresh Ginger
ਤਾਜ਼ਾ ਅਦਰਕ
99¢ lb

Super Special
Spinach
ਪਾਲਕ
2 bunches for $1.59

Super Special
Yellow Onions 50 lbs
ਪੀਲੇ ਗੰਢੇ
$9.98 bag

Super Special
Indian Eggplants
ਦੇਸੀ ਬਤਾਊਂ
98¢ lb

Super Special
Fresh Garlic
ਤਾਜ਼ਾ ਲਸਣ
99¢ lb

Super Special
Cilantro
ਧਨੀਆ
3 bunches for 99¢

Super Special
Indican Punjabi Cane White Sugar 8 lbs
ਇੰਡੀਕੇਨ ਪੰਜਾਬੀ ਗੰਨੇ ਦੀ ਚਿੱਟੀ ਖੰਡ
$3.99 bag

Green Bell Peppers
ਹਰੀ ਸ਼ਿਮਲਾ ਮਿਰਚਾਂ
99¢ lb

Red Delicious Apples USA #1
ਲਾਲ ਸਵਾਦ ਸੇਬ ਯੂ.ਐਸ.ਏ #੧
88¢ lb

Russet Potatoes Snoboy USA #1 10 lbs
ਆਲੂ ਰਸਟ ਸਨੋਬੁਆਏ ਯੂ.ਐਸ.ਏ #੧
$2.99 bag

Large Seedless Oranges
ਵੱਡੇ ਸੰਤਰੇ (ਬਿਨਾਂ ਬੀਜ ਤੋਂ)
88¢ lb

Gala Apples USA #1
ਗਾਲਾ ਸੇਬ ਯੂ.ਐਸ.ਏ #੧
98¢ lb

Rapini (Sarson da Saag)
ਸਰਸੋਂ ਦਾ ਸਾਗ
$1.99 bunch

Red Label Tea 216's
ਰੈਡ ਲੇਬਲ ਚਾਹ
$6.98 box

Indican Punjabi Biscuits 2.2 lbs
ਇੰਡੀਕੇਨ ਪੰਜਾਬੀ ਬਿਸਕੁਟ
$4.99 pkg.

Indican Brown Sugar 8 lbs
ਇੰਡੀਕੇਨ ਭੂਰੀ ਖੰਡ
$4.98 bag

KTC Pomace Olive Oil 3L
ਕੇ.ਟੀ.ਸੀ ਜੈਤੂਨ ਪੌਮੇਸ ਦਾ ਤੇਲ
$9.98 ea.

Golden Temple Flour 20 lbs
ਗੋਲਡਨ ਟੈਂਪਲ ਆਟਾ
$9.98 bag

Almonds
ਬਦਾਮ
$3.98 lb

Green Cardamom (Elaichi) MF
ਹਰੀ ਇਲਾਇਚੀ (ਐਮ.ਐਫ)
$26.99 lb

Indican Basmati Rice 8 lbs
ਇੰਡੀਕੇਨ ਬਾਸਮਤੀ ਚੌਲ
$6.98 bag

Product images may differ from the actual product.

**Thur Apr 22, 2021 - Wed Apr 28, 2021**
We reserve the right to limit the quantities while they last

fruiticana hee jaana!
NEW LOCATION OPENING SOON

Head Office: 7676 Anvil Way, Surrey
604-502-0005
www.fruiticana.com

BUSINESS HOURS
9 AM - 8 PM
7 DAYS A WEEK

| | | |
|---|---|---|
| Newton 13783 72nd Ave. Surrey 604-590-2080 | Fleetwood 101-15933 Fraser Hwy 604-593-5163 | Abbotsford 2785 Bourquin Crescent W. 604-744-0328 |
| Newton 13174 64th Ave. Surrey 604-598-9220 | Surrey 12990 72nd Ave. 604-503-5510 | Abbotsford 31205 Maclure Rd. 604-504-5877 |
| Scott Road 12047 80th Ave. Surrey 604-591-5032 | Surrey 12788 76A Ave. Surrey 604-597-1676 | Port Coquitlam 2807 Shaughnessy St. 604-464-0822 |
| Scott Road 104-7028 120th St. 604-590-8864 | Surrey 16788 64 Ave. 604-372-2023 | Vancouver 6257 Fraser St. 604-321-9931 |
| Cedar Hills 12867 96th Ave. Surrey 604-588-6620 | Surrey 101-7228 192St. 604-575-3750 | Richmond 4101 No.5 Rd. 604-244-9520 |